# ਸ਼ਹਿਰ, ਜ਼ਹਿਰ, ਕਹਿਰ

ਪੰਜ ਨਦ ਪ੍ਰਕਾਸ਼ਨ
ਲਾਂਬੜਾ, ਜਲੰਧਰ-ਪੰਜਾਬ

# ਸ਼ਹਿਰ, ਜ਼ਹਿਰ, ਕਹਿਰ

*ਸ਼ਹਿਰੀਕਰਣ, ਸੰਸਾਰੀਕਰਣ ਅਤੇ ਪ੍ਰਦੂਸ਼ਣ*
*ਸਬੰਧੀ ਕਾਵਿ ਸੰਗ੍ਰਹਿ*

***ਚੇਤ ੫੪੩, ਅਪ੍ਰੈਲ 2011***
***Rs. 100/-***

***ਡਾ. ਨਿਰਮਲ ਸਿੰਘ***
ਸੇਵਾਦਾਰ, ਪੰਜਾਬੀ ਸੱਥ, ਲਾਂਬੜਾ
ਜਲੰਧਰ, ਪੰਜਾਬ-ਭਾਰਤ
ਫੋਨ : 0181-2791036
E-mail : drnirmalsinghlambra@gmail.com
Website : www.panjnadparkashan.com

***Mota Singh Sarai***
11 Queens Road
Walsall, West Midlands
WS5 3NF U.K.
Phone : +44 785 075 0109
E-mail : singh_m_sarai@hotmail.com

***ਪ੍ਰਿੰ. ਕੁਲਵਿੰਦਰ ਸਿੰਘ ਸਰਾਏ***
ਮੰਜਕੀ ਪੰਜਾਬੀ ਸੱਥ, ਭੰਗਾਲਾ
ਜਲੰਧਰ, ਪੰਜਾਬ-ਭਾਰਤ 144033
ਫੋਨ : 01826-275633, Mobile : 98141-60642
E-mail : kssarai@gmail.com

*ਟਾਈਪ ਸੈਟਿੰਗ ਅਤੇ ਡਿਜ਼ਾਇਨ : ਸੰਨੀ ਕੋਛੜ (98157-25065)*

# ਬੁੱਕਲ ਵਿੱਚ


| | | |
|---|---|---|
| ਪਿੰਡ ਦਾ ਸਿਰਨਾਵਾਂ | (ਅਮਰਜੀਤ ਸਿੰਘ ਮਾਂਗਟ) | 9 |
| ਗੁਵਾਚਿਆ ਸੱਚ (ਗੀਤ) | (ਅਮਨ ਅਰਮਾਨ) | 10 |
| ਚੰਡੀਗੜ੍ਹ ਬੰਗਲਾ ਪੁਆ ਦੇ | (ਅਮਰ ਸਿੰਘ ਅਲੂਣਾ) | 14 |
| ਕੰਮ ਸੰਭਾਲੇ ਭਈਆਂ ਨੇ | (ਆਤਮਾ ਸਿੰਘ ਚਿੱਟੀ) | 16 |
| ਸ਼ਹਿਰੀ ਲੋਕ | (ਅਰਜਿੰਦਰ ਬੁਤਾਲੀਆ) | 17 |
| ਸਭ ਬਦਲ ਗਿਆ | (ਅੰਜੂ ਸ਼ਰਮਾ) | 18 |
| ਕਿੱਥੇ ਗਏ ਉਹ ਦਿਨ? | (ਅਵਤਾਰ ਸਿੰਘ ਉੜਾਪੜ) | 20 |
| ਗਲੋਬਲੀ ਮਨੁੱਖ | (ਅਜਾਇਬ ਕਮਲ) | 21 |
| ਧਰਤੀ ਦਿਵਸ ਤੇ | (ਸੰਤੋਖ ਸਿੰਘ 'ਗੁਰਾਇਆ' (ਟੌਂਗ)) | 25 |
| ਪਿੰਡ ਦਾ ਕਰਜ਼ | (ਸੁਰਿੰਦਰ ਮਕਸੂਦਪੁਰੀ) | 26 |
| ਅਰਦਾਸ | (ਸੁਰਜੀਤ ਪਾਤਰ) | 27 |
| ਸਭ ਤੋਂ ਵੱਡਾ ਖਤਰਾ | (ਸੁਰਜੀਤ ਸਾਜਨ) | 30 |
| ਬਦਲਦੇ ਨਕਸ਼ | (ਸਤਿਪਾਲ ਸਿੰਘ ਡੁਲਕੂ) | 31 |
| ਪਰਿਵਰਤਨ | (ਸੂਰੀਆ ਕਾਂਤ ਵਰੈਸਾ) | 32 |
| ਔਰਤ | (ਸੁੱਚਾ ਸਿੰਘ ਬਾਜਵਾ) | 33 |
| ਕੀ ਹੋਊ ਇਸ ਚਮਨ ਦਾ? (ਕਲੀ) | (ਸੂਬੇਦਾਰ ਪਿਆਰਾ ਸਿੰਘ ਪਿਆਰ) | 35 |
| ਜ਼ਮੀਨ | (ਸਾਧੂ ਰਾਮ ਲੰਫੇਆਣਾ) | 37 |
| ਆਪ ਮੁਹਾਰੇ ਸ਼ਹਿਰੀਕਰਣ ਦੀਆਂ ਸੱਸਿਆਵਾਂ | (ਸਰਬਜੀਤ ਕੌਰ ਘੱਗਾ) | 39 |
| ਪੂਰਬ-ਪੱਛਮ | (ਸਤਨਾਮ ਔਜਲਾ) | 40 |
| ਰੂਹ ਦੀ ਪੀੜ | (ਹਰਲਾਲ ਸਿੰਘ ਬੈਂਸ) | 41 |
| ਪਿੰਡ ਰਹਿਣ ਦਿਓ ਮਾਂ ਨੂੰ | (ਹਰੀ ਸਿੰਘ ਬਰਨ) | 42 |
| ਨਵੇਂ ਸਾਲ ਦੇ ਮੌਕੇ 'ਤੇ | (ਹਰਭਜਨ ਸਿੰਘ ਬੈਂਸ) | 44 |
| ਜ਼ਿੰਦਗੀ ਦੀ ਇਹ ਸ਼ਾਮ (ਦੋਹੇ) | (ਹਰਨੇਕ ਸਿੰਘ ਕੋਮਲ) | 45 |
| ਜੇਕਰ ਆਪਾ ਬਚਾਉਣਾ ਲੋਚਦੇ ਜੇ | (ਹਜ਼ਾਰਾ ਸਿੰਘ ਮੰਡ) | 47 |
| ਕਾਰ ਸੇਵਾ | (ਹਰਜਿੰਦਰ ਸਿੰਘ ਸੰਧੂ) | 50 |
| ਕੌੜੀ ਵੇਲ | (ਕਾਮਰੇਡ ਮੇਘ ਰਾਜ ਫੌਜੀ) | 52 |
| ਤੇਰਾ ਸ਼ਹਿਰ | (ਕੁਲਦੀਪ ਸਿੰਘ ਬਾਂਸਲ) | 53 |
| ਭੱਖੜਾ | (ਕੇਹਰ ਸ਼ਰੀਫ) | 55 |
| ਲੋਕ ਰਾਜ? | (ਕੁਲਵੰਤ ਜਗਰਾਉਂ) | 57 |
| ਕਵਿਤਾ | (ਕਰਤਾਰ ਸਿੰਘ ਕਾਲੜਾ) | 59 |
| ਛੱਪਰੀ | (ਕੇਵਲ ਕ੍ਰਿਸ਼ਨ 'ਕਿਸ਼ਨਪੁਰੀ') | 60 |
| ਪੱਛਮ | (ਕੰਵਲਜੀਤ ਸਾਹਿਲ) | 61 |
| ਸ਼ਹਿਰ ਮੇਰੇ ਦੀਆਂ ਕੁੜੀਆਂ | (ਖੁਸ਼ਵੰਤ ਕੰਵਲ) | 62 |
| ਸ਼ਹਿਰ | (ਗੁਰਸੇਵਕ ਸਿੰਘ ਛੋਟਾ) | 63 |
| ਸ਼ਹਿਰਾਂ ਵਿੱਚ ਗੁਆਚ ਗਏ ਹਾਂ | (ਗੁਰਭਜਨ ਗਿੱਲ) | 64 |
| ਝੂਮਰ | (ਗੁਰਚਰਨ ਸਿੰਘ ਪੱਬਾਰਾਲੀ) | 69 |
| ਮੇਰਾ ਪਿੰਡ ਹੁਣ ਪਿੰਡ ਰਿਹਾ ਨਈਂ | (ਜਸਵੀਰ ਝੱਜ) | 73 |
| ਸੰਦੇਸ਼ | (ਜੋਗਿੰਦਰ ਸਿੰਘ ਪ੍ਰਵਾਨਾ) | 74 |
| ਪਿੰਡਾਂ ਦੀ ਹੋਂਦ ਨੂੰ ਖਤਰਾ | (ਜਗਦੇਵ ਮਕਸੂਦੜਾ) | 75 |
| ਗੀਤ | (ਜਗਜੀਤ ਸਿੰਘ 'ਗੁਰਮ') | 76 |
| ਬੇਕਦਰਾਂ ਦਾ ਸ਼ਹਿਰ | (ਜਰਨੈਲ ਸਿੰਘ ਬੈਂਸ) | 78 |
| ਪੈਂਤੀ | (ਜਸਵਿੰਦਰ ਮਹਿਰਮ) | 79 |

| | | |
|---|---|---|
| ਬੁੱਧੀਦਾਸਾਂ ਦੇ ਨਾਂ | (ਡਾ. ਕ੍ਰਿਸ਼ਨ ਚੰਦ 'ਕੌਮੀ') | 80 |
| ਹੁਣ ਤਾਂ | (ਡਾ. ਗੁਰਚਰਨ ਸਿੰਘ ਔਲਖ) | 82 |
| ਕੁਝ ਨਹੀਂ ਸਾਡੇ ਕੋਲ | (ਡਾ. ਸੰਤੋਖ ਸਿੰਘ 'ਸ਼ਹਰਯਾਰ') | 84 |
| ਖਾਲੀ ਕਲਬੂਤ | (ਡਾ. ਰਵਿੰਦਰ) | 85 |
| ਪੁੱਤ ਪੰਜਾਬ ਦਿਓ | (ਤੇਜਵੰਤ ਸਿੰਘ ਭੰਡਾਲ) | 86 |
| ਮਾਂ ਬੋਲੀ ਪੰਜਾਬੀ ਜ਼ਿੰਦਾਬਾਦ | (ਤੇਜਵੰਤ ਸਿੰਘ ਭੰਡਾਲ) | 87 |
| ਗਜ਼ਲਾਂ | (ਤ੍ਰੈਲੋਚਨ ਲੋਚੀ) | 89 |
| ਬੰਸਰੀ | (ਧਰਮਿੰਦਰ ਸੇਖੋਂ) | 90 |
| ਪਿੰਡਾਂ ਨੂੰ ਖਾ ਲਿਆ ਸ਼ਹਿਰਾਂ ਨੇ | (ਦੀਪ ਦਿਲਬਰ) | 91 |
| ਮਹਾਂਨਗਰ ਬਣੀ ਤ੍ਰਿਵੈਣੀ | (ਦਲਜੀਤ ਕੌਰ ਦਾਊਂ) | 92 |
| ਰੁੱਖ ਤੇ ਮਨੁੱਖ | (ਦਿਲਰੂਪ) | 96 |
| ਜ਼ਹਿਰ ਹੀ ਜ਼ਹਿਰ | (ਦਿਲਰੂਪ) | 98 |
| ਪਹਿਰ | (ਦਿਲਰੂਪ) | 98 |
| ਵਿਸ਼ਵ ਵਪਾਰ | (ਦਾਸ ਭਾਰਤੀ) | 99 |
| ਬਜ਼ਾਰ | (ਦਰਸ਼ਨ ਬੁੱਟਰ) | 100 |
| ਜਦ ਤੋਂ ਪਿੰਡ ਮੇਰਾ ਸ਼ਹਿਰ ਹੋ ਗਿਆ | (ਨਵਦੀਪ ਸਿੰਘ ਬਦੇਸ਼ਾ) | 102 |
| ਕੱਚੀ ਆਬਾਦੀ ਵਿੱਚ ਪੱਕੀਆਂ ਜਾਇਦਾਦਾਂ | (ਨਜਮ ਹੁਸੈਨ ਸੱਯਦ) | 104 |
| ਪ੍ਰਵਾਸੀ ਮਜ਼ਦੂਰ | (ਨਿਰਮਲ ਦੱਤ) | 106 |
| ਆਪ-ਹੁਦਰਾ ਸ਼ਹਿਰੀ ਕਰਨ | (ਨਿਰਮਲ ਸਤਪਾਲ) | 107 |
| ਹੋਰ ਦਾ ਨੀ ਹੋਰ | (ਪਰਮਿੰਦਰ ਕੌਰ 'ਨਾਗੀ') | 109 |
| 2050 ਵਿੱਚ ਮਿਰਜ਼ਾ ਸਾਹਿਬਾਂ ਦੀ ਧਰਤੀ ਯਾਤਰਾ | (ਪਰਮਜੀਤ ਸੰਧੂ) | 111 |
| ਗੀਤ | (ਪ੍ਰੀਤ ਸੰਦਲ "ਮਕਸੂਦੜਾ") | 112 |
| ਇਕ ਅੱਧ ਹਰਿਆ ਬੂਟ | (ਪ੍ਰੋ. ਕੁਲਵੰਤ ਔਜਲਾ) | 113 |
| ਸ਼ਹਿਰੀਕਰਨ (ਗੀਤ) | (ਪੂਰਨ ਸਿੰਘ ਕਿਰਤੀ) | 114 |
| ਅਜੋਕਾ ਬਜ਼ੁਰਗ | (ਬਲਬੀਰ ਸਿੰਘ) | 116 |
| ਨਿੱਕੇ ਨਿੱਕੇ ਪਿੰਡ ਯਾਰੋ ਖਾ ਲਏ ਸ਼ਹਿਰਾਂ ਨੇ! | (ਬਲਦੇਵ ਸਿੰਘ ਸਠਿਆਲਾ) | 118 |
| ਸ਼ੀਸ਼ੇ ਝਾੜੀ ਜਾਂਦੇ ਨੇ | (ਬਾਬਾ ਨਜਮੀ) | 119 |
| ਵੀਰੇ ਫਿਰਦੇ ਨੇ ਪਗੜੀ ਉਤਾਰੀ | (ਬਲਿਹਾਰ ਗੋਬਿੰਦਗੜ੍ਹੀਆ) | 120 |
| ਗੀਤ | (ਮਹਿੰਦਰ ਸਿੰਘ ਕੈਂਥ) | 121 |
| ਧੀ ਪਰਦੇਸਣ | (ਮੋਹਨ ਗਿੱਲ) | 122 |
| ਸ਼ਹਿਰ ਵਿੱਚ ਆਦਮੀ | (ਮੀਨਾਕਸ਼ੀ ਜਿਜੀਵਿਸ਼ਾ) | 125 |
| ਸ਼ਹਿਰੀਕਰਣ ਦੀ ਸਮੱਸਿਆ | (ਮਨਮੋਹਨ ਕੌਰ ਚੱਢਾ) | 127 |
| ਜੰਗਲ ਕੰਕਰੀਟ ਦੇ | (ਮੋਹਨ ਸਿੰਘ ਮਾਨ) | 129 |
| ਸ਼ਹਿਰ ਅਸਾਡੇ ਰੂਪ ਨਰਕ ਦਾ (ਗੀਤ) | (ਮਹਿੰਦਰ ਸਿੰਘ ਕੈਂਥ ਸਲਾਣਵੀ) | 131 |
| ਇਹ ਚਿੜੀਆਂ | (ਮਨਜੀਤ ਪੱਟੀ) | 132 |
| ਪੁਰਖਿਆਂ ਬਗ਼ੈਰ | (ਮਲਵਿੰਦਰ) | 133 |
| ਪਿੰਡ ਦੀ ਯਾਦ | (ਰਣਜੀਤ ਸਿੰਘ ਸੰਧੂ) | 135 |
| ਨਾਸ ਮਾਰ ਕੇ ਰੱਖਤਾ ਸੱਭਿਆਚਾਰ ਦਾ | (ਰਣਜੀਤ ਸਿੰਘ ਸੰਧੂ) | 136 |
| ਬੈਠਣਾ ਸਿੱਖ ਰਿਹਾ ਪਿੰਡ | (ਰਾਮ ਸਿੰਘ ਚਾਹਲ) | 138 |
| ਐ ਪੰਜਾਬ | (ਰਣਜੀਤ ਸਿੰਘ ਰਾਣਾ) | 139 |
| ਵਿਸ਼ਵੀਕਰਨ ਦਾ ਭੂਤ | (ਸ਼ਿਵਨਾਥ) | 141 |
| ਮੇਰਾ ਪਿੰਡ | (ਸ਼ੀਂਹਮਾਰ ਬਲਜਿੰਦਰ ) | 142 |
| ਸ਼ਹਿਰਾਂ ਨਾਲੋਂ ਪਿੰਡ ਚੰਗੇ ਨੇ | | 143 |

# ਸ਼ਹਿਰ, ਜ਼ਹਿਰ, ਕਹਿਰ

ਪੰਜਾਬੀ ਸੱਥ ਵਾਲੇ ਇਕੋਤਰ ਸੌਵੀਂ ਵਾਰ ਹਾਜ਼ਰ ਨੇ ਆਪਣੇ ਭਾਈਚਾਰੇ ਦੀ ਕਚਹਿਰੀ ਵਿੱਚ, ਨਵੀਂ ਕਿਤਾਬ ਨਾਲ ਇਕ ਬਹੁਤ ਹੀ ਅਹਿਮ ਤੇ ਭਖਦਾ ਮੁੱਦਾ ਲੈ ਕੇ, ਜੀਹਦੇ ਅਨੇਕਾਂ ਹੀ ਪੱਖ ਤੇ ਪਸਾਰ ਹਨ। ਇਹਨਾਂ ਵਿੱਚੋਂ ਕਈ ਚੰਗੇ, ਅਗਾਂਹ ਵਧੂ ਤੇ ਫਾਇਦੇਮੰਦ ਵੀ ਆਖੇ ਜਾ ਸਕਦੇ ਨੇ ਪਰ ਮਾੜੇ, ਨਾਕਸ ਤੇ ਨੁਕਸਾਨਦੇਹ ਤਾਂ ਬੇਹਿਸਾਬੇ ਨੇ। ਸੱਥ ਦੀ ਰੀਤ ਮੁਤਾਬਕ ਏਸ ਲਿਖਤ ਵਿੱਚ ਕਿੰਨੇ ਹੀ ਲਿਖਿਆਰ ਭੈਣ ਭਰਾ ਸ਼ਾਮਲ ਨੇ ਜਿਹਨਾਂ ਆਪੋ ਆਪਣੀ ਸੋਝੀ, ਸਮਝ ਤੇ ਸੋਚਣੀ ਅਨੁਸਾਰ ਏਸ ਅਤਿ ਸੰਵੇਦਨਸ਼ੀਲ ਮਸਲੇ ਨੂੰ ਆਪਣੀਆਂ ਕਾਵਿਕ ਰਚਨਾਵਾਂ ਰਾਹੀਂ ਪੇਸ਼ ਕੀਤਾ ਹੈ। ਸਾਡੀ ਹਰ ਵਾਰ ਇਹੋ ਕੋਸ਼ਿਸ਼ ਹੁੰਦੀ ਏ ਕਿ ਵੱਧ ਤੋਂ ਵੱਧ ਸੂਝਵਾਨਾਂ, ਵਿਦਵਾਨਾਂ ਅਤੇ ਕਲਮਕਾਰੀ ਦੇ ਧਨੀਆਂ ਨੂੰ ਨਾਲ ਜੋੜ ਕੇ ਇਹਨਾਂ ਕਿਤਾਬਾਂ ਰੂਪੀ ਗੁਲਦਸਤਿਆਂ ਨੂੰ ਰੰਗ ਬਿਰੰਗੇ, ਸੋਹਜ ਭਰਪੂਰ ਤੇ ਸਾਰਥਿਕ ਬਣਾਇਆ ਜਾਵੇ। ਲੱਖ ਯਤਨਾਂ ਦੇ ਬਾਵਜੂਦ ਕੁਝ ਸਾਡੀਆਂ ਕਮੀਆਂ ਤੇ ਕੁਝ ਲਿਖਾਰੀਆਂ ਦੇ ਅਵੇਸਲੇਪੁਣੇ ਕਾਰਨ ਕਿਤਾਬ ਦੀ ਛਪਾਈ ਕੁਝ ਪਛੜ ਕੇ ਹੋ ਰਹੀ ਏ ਜੀਹਦੇ ਲਈ ਅਸੀਂ ਪਾਠਕਾਂ ਕੋਲੋਂ ਅਗਾਊਂ ਹੀ ਖਿਮਾ ਦੇ ਜਾਚਕ ਹਾਂ। ਤੁਸੀਂ ਸਾਡੀਆਂ ਰਹਿ ਗਈਆਂ ਕਮੀਆਂ ਨੂੰ ਅਣਡਿੱਠ ਕਰਦੇ ਹੋਏ ਸਾਡੀ ਮਨਸ਼ਾ ਨੂੰ ਜ਼ਰੂਰ ਪਛਾਣੋਗੇ। ਇਹ ਸਾਡੀ ਦਿਲੀ ਤਮੰਨਾ ਤੇ ਅਰਜੋਈ ਹੈ।

ਕਿਤਾਬਾਂ ਤਾਂ ਛਪਦੀਆਂ ਹੀ ਰਹਿੰਦੀਆਂ ਨੇ। ਅੱਜ ਦੇ ਸੰਸਾਰੀਕਰਣ ਦੇ ਸਮੇਂ ਨੇ ਛਪਾਈ ਦਾ ਸਮੁੱਚਾ ਕਾਰਜ ਬਹੁਤ ਹੀ ਸੁਖੈਨ ਬਣਾ ਦਿੱਤਾ ਹੈ। ਸਵਾਲਾਂ ਦਾ ਸਵਾਲ ਹੈ ਕਿ ਕੁਦਰਤੀ ਸੋਮਿਆਂ ਦੀ ਵੱਡੀ ਪੱਧਰ ’ਤੇ ਤਬਾਹੀ ਕਰ ਕੇ ਕਾਗਜ, ਸਿਆਹੀ ਤੇ ਰੰਗ ਬਣਾਏ ਜਾਂਦੇ ਨੇ। ਛਾਪਾ ਮਸ਼ੀਨਾਂ ਲਈ ਧਾਤਾਂ ਖਾਸ ਕਰ ਲੋਹੇ ਦਾ ਸੋਮਾ ਵੀ ਕੁਦਰਤ ਦੀ ਅਨਮੋਲ ਦਾਤ ਸਾਡੀ ਮਾਂ ਧਰਤੀ ਹੀ ਏ। ਕੀ ਅਸੀਂ ਇਹਨਾਂ ਦੀ ਸੁਯੋਗ ਵਰਤੋਂ ਸਬੰਧੀ ਸੋਚ ਕੇ ਲਿਖਦੇ ਹਾਂ? ਜੋ ਲਿਖਦੇ ਹਾਂ ਉਹਦੀ ਸਾਰਥਿਕਤਾ ਕਿਧਰੇ ਸਾਡੀ ਵਾਸਨਾਪੂਰਤੀ ਤੀਕ ਹੀ ਸੀਮਤ ਤਾਂ ਨਹੀਂ? ਵਿਸ਼ੇ ਦੀ ਵਿਚਾਰਧਾਰਾ ਸਾਡੇ ਨਿੱਜ ਵੱਲ ਜਾਂਦੀ ਹੈ ਕਿ ਸਾਨੂੰ ਸਰਬੱਤ ਨਾਲ ਜੋੜਦੀ ਹੈ? ਕਿਧਰੇ ਅਸੀਂ ਕੁਦਰਤ ਤੋਂ ਬੇਮੁੱਖ ਹੋ ਕੇ ਆਪ ਹੁਦਰੇਪਣ ਵੱਲ ਤਾਂ ਨਹੀਂ ਵਧ ਰਹੇ? ਅਜੀਬ ਮਾਜਰਾ ਹੈ ਕਿ ਇਕ ਪਾਸੇ ਤਾਂ ਅਸੀਂ ਵਿਕਾਸ ਦੀ ਰਟ ਲਾਈ ਜਾਂਦੇ ਹਾਂ ਦੂਜੇ ਪਾਸੇ ਕੀ ਜੰਗਲ ਕੀ ਪਹਾੜ ਜਾਂ ਅਥਾਹ ਰੇਤਲੇ ਥਲ ਅਤੇ ਅਸਗਾਹ ਸਾਗਰ ਤੇ ਦਰਿਆ ਸਭ ਕੁਝ ਦਾ ਹੀ ਵਿਨਾਸ਼ ਕਰਨ ’ਤੇ ਤੁਲੇ ਹੋਏ ਹਾਂ। ਅਸਲ ਵਿੱਚ ਅਸੀਂ ਸਿਰਫ ਤੇ ਸਿਰਫ ਆਪਣੀਆਂ ਸੁੱਖ ਸਹੂਲਤਾਂ ਦੇ ਚਾਕਰ ਬਣ ਕੇ ਕਾਦਰ ਦੀ ਅਨਮੋਲ ਕੁਦਰਤ ਦੇ ਸਾਡੇ ਜੀਵਨ ਆਧਾਰ ਵਾਲੇ ਤਿੰਨਾ ਹੀ ਤੱਤਾਂ ਨੂੰ ਤਬਾਹ ਕਰਨ ’ਤੇ ਲੱਕ ਬੰਨ੍ਹਿਆ ਹੋਇਆ ਹੈ। ਕੁੱਲ ਜਗਤ ਦੇ ਜੀਵਾਂ ਤੇ ਬਨਸਪਤੀ ਦੀ ਮਾਂ ਧਰਤੀ

ਦਾ ਹੁਲੀਆ ਹੀ ਨਹੀਂ ਵਿਗਾੜਿਆ ਉਹਨੂੰ ਬੇਪਰਦ, ਨੰਗੀ, ਗੰਜੀ ਤੇ ਬਾਂਝ ਬਣਾਉਣ ਦਾ ਅੱਜ ਦੇ ਇਨਸਾਨ ਨੇ ਕਹਿਰ ਕਮਾਇਆ ਹੈ। ਏਸ ਕਹਿਰ ਦੇ ਝਲਕਾਰੇ ਤੁਸੀਂ ਕਿਤਾਬ ਵਿੱਚੋਂ ਪੜ੍ਹ ਕੇ ਸੋਚਣ ਲਈ ਜ਼ਰੂਰ ਮਜ਼ਬੂਰ ਹੋਵੋਗੇ ਕਿ ਮਨੁੱਖ ਖ਼ੁਦ ਹੀ ਇਹ ਕੁਕਰਮ ਕਰਨ ਲਈ ਜ਼ਿੰਮੇਵਾਰ ਹੈ। ਦੂਜਾ ਸਭ ਤੋਂ ਅਹਿਮ ਤੱਤ ਸਾਰੀ ਸ੍ਰਿਸ਼ਟੀ ਦਾ ਪਿਉ, ਜਿਸ ਤੋਂ ਬਗੈਰ ਜੀਵਨ ਕਿਆਸਿਆ ਹੀ ਨਹੀਂ ਜਾ ਸਕਦਾ ਪ੍ਰਮੇਸ਼ਵਰ ਰੂਪੀ ਪਾਣੀ ਹੈ। ਇਹਨੂੰ ਸਾਡੇ ਅਖਾਉਤੀ ਸਨਅਤੀਕਰਣ, ਸ਼ਹਿਰੀਕਰਣ ਤੇ ਘਣੀ ਖੇਤੀ ਨੇ ਅੰਮ੍ਰਿਤ ਤੋਂ ਜ਼ਹਿਰ ਕੁਝ ਕੁ ਸਾਲਾਂ ਵਿੱਚ ਹੀ ਬਣਾ ਕੇ ਧਰੋਹ ਕੀਤਾ ਹੈ, ਪਾਪ ਕਮਾਇਆ ਹੈ। ਅੱਜ ਕੀ ਪਰਬਤਾਂ ਦੀਆਂ ਰਮਣੀਕ ਵਾਦੀਆਂ, ਟੀਸੀਆਂ ਵਾਲੇ ਗਲੇਸ਼ੀਅਰ, ਕੀ ਝੀਲਾਂ, ਟੋਭੇ, ਦਰਿਆ ਜਾਂ ਮਾਂ ਧਰਤੀ ਦੇ ਗਰਭ ਵਾਲਾ ਪਵਿੱਤਰ ਜਲ ਸਾਰੇ ਦਾ ਸਾਰੇ ਹੀ ਮਲੀਨ ਪਲੀਤ ਤੇ ਜ਼ਹਿਰੀ ਹੋ ਗਏ ਹਨ। ਇਹ ਅਖਾਉਤੀ ਆਧੁਨਿਕੀਕਰਣ ਦੀ ਤਬਾਹਕੁੰਨ ਦੇਣ ਹੈ। ਤੀਜਾ ਤੱਤ ਹੈ ਗੁਰੂ ਰੂਪੀ ਪੌਣ ਜੀਹਦੇ ਵਿਚਲੀ ਆਕਸੀਜ਼ਨ ਸਾਡੀ ਜੀਵਨ ਦਾਤੀ ਅੱਜ ਕੱਲ੍ਹ ਸਾਡੇ ਤੋਂ ਰੁੱਸ ਰਹੀ ਹੈ। ਅਸੀਂ ਉਹਦੇ ਵਿੱਚ ਵਿਸ਼ ਘੋਲ ਦਿੱਤੀ ਹੈ। ਪਤਾ ਨਹੀਂ ਕਿੰਨਾ ਕੁ ਧੂੰਆਂ, ਰਸਾਇਣਾਂ ਦੀ ਰਹਿੰਦ ਖੂੰਹਦ, ਸਨਅਤਾਂ ਦੀਆਂ ਘਾਤਕ ਗੈਸਾਂ, ਗੱਡੀਆਂ ਮੋਟਰਾਂ ਚੋਂ ਨਿਕਲਦੀਆਂ ਗਲ ਘੋਟੂ, ਸਾਹ ਨਿਚੋੜੂ ਜ਼ਹਿਰਾਂ ਅਤੇ ਸਭ ਤੋਂ ਵੱਧ ਪ੍ਰਮਾਣੂ ਭੱਠੀਆਂ ਦਾ ਜੀਵਨ ਦੇ ਤੁਖਮਾਂ ਦਾ ਹੀ ਨਾਸ ਕਰਨ ਵਾਲਾ ਰਿਸਾ ਪੌਣ ਦੀ ਆਪਣੀ ਹੀ ਸੰਘੀ ਘੁੱਟ ਰਿਹਾ ਹੈ। ਇਹ ਸਾਰਾ ਕੁਝ ਬੜੇ ਥੋੜ੍ਹੇ ਜਿਹੇ ਅਰਸੇ ਵਿੱਚ ਬੰਦੇ ਨੇ ਸਿਰਜ ਕੇ ਜਿਹੜਾ ਰੱਬ ਦੇ ਸ਼ਰੀਕ ਬਣਨ ਦਾ ਭਰਮ ਪਾਲਿਆ ਸੀ, ਦਾ ਸਿੱਟਾ ਹੈ। ਇਹ ਕਰਤੂਤ ਇਨਸਾਨੀ ਨਹੀਂ ਸ਼ੈਤਾਨੀ ਸਾਬਤ ਹੋਈ ਹੈ। ਇਸ ਦਾ ਇਕ ਹੌਲਨਾਕ ਝਲਕਾਰਾ ਅਸੀਂ 2005 ਵਾਲੇ ਸੁਨਾਮੀ ਵੇਲੇ ਤੱਕਿਆ ਸੀ ਤੇ ਦੂਜਾ ਹੁਣੇ ਹੁਣੇ ਜਾਪਾਨ ਵਿੱਚ ਵੇਖ ਕੇ ਹੱਕੇ ਬੱਕੇ ਹੋ ਕੇ ਹਟੇ ਆਂ।

ਵਿਕਾਸਵਾਦੀਏ ਦਾਅਵੇ ਕਰਦੇ ਨਹੀਂ ਥੱਕਦੇ ਕਿ ਅਸੀਂ ਨਵੀਆਂ ਨਵੀਆਂ ਕਾਢਾਂ ਕੱਢ ਕੇ ਮਨੁੱਖ ਨੂੰ ਸੁਖਦਾਈ ਤੇ ਸਿਹਤਮੰਦ ਜੀਵਨ ਪ੍ਰਦਾਨ ਕੀਤਾ ਹੈ। ਹੋਇਆ ਐਨ ਏਸ ਤੋਂ ਉਲਟ ਹੈ। ਅਸੀਂ ਦਿਮਾਗੀ ਤੇ ਸਰੀਰਕ ਰੋਗਾਂ ਦੀਆਂ ਘੁੰਮਣ ਘੇਰੀਆਂ ਵਿਚ ਫਸ ਕੇ ਫੋਨਾਂ, ਕੰਪਿਊਟਰਾਂ, ਟੈਲੀਵਿਜ਼ਨਾਂ, ਕੋਠੀਆਂ, ਕਾਰਾਂ, ਜਹਾਜ਼ਾਂ ਦੇ ਜੰਗਲ ਵਿੱਚ ਗੁਆਚ ਗਏ ਹਾਂ। ਜਿੱਥੇ ਅੰਨ੍ਹੀ ਨੂੰ ਬੋਲਾ ਘਸੀਟੀ ਤੁਰਿਆ ਜਾਂਦਾ ਹੈ। ਉਹਨੂੰ ਦਿਸਦਾ ਨਹੀਂ, ਉਹਨੂੰ ਸੁਣਦਾ ਨਹੀਂ। ਕਿਹੜੇ ਜਹੰਨਮ ਵਿੱਚ ਗਰਕਣਗੇ ਕੋਈ ਪਤਾ ਸੁਰ ਨਹੀਂ? ਕੀ ਘਰ ਪਰਿਵਾਰ, ਕੀ ਸਮਾਜ ਤੇ ਕੀ ਦੇਸ ਤੇ ਕੌਮਾਂਤਰੀ ਪੱਧਰ ਹਰ ਥਾਂ ’ਤੇ ਆਪਹੁਦਰਾਪਣ ਪ੍ਰਧਾਨ ਹੈ। ਬੱਚੇ ਤੋਂ ਬੁੱਢੇ ਤੀਕ ਹਰ ਕੋਈ ਆਪਣੀ ਤੂਤੀ ਵਜਾਈ ਤੁਰਿਆ ਜਾਂਦਾ ਹੈ। ‘ਕਿਛੁ ਕਹੀਏ ਕਿਛ ਸੁਣੀਏ॥’ ਵਾਲੀ ਸੋਚ ਗਾਇਬ ਹੋ ਗਈ ਹੈ। ਸ਼ਹਿਰ ਪਿੰਡਾਂ ਨੂੰ ਖਾ ਰਹੇ ਹਨ। ਹਉਮੈ, ਹਵਸ, ਹੰਕਾਰ ਦਾ ਭੂਤ ਸਾਰਿਆਂ ਨੂੰ ਹੀ ਚਿੰਬੜਿਆ ਹੋਇਆ ਹੈ। ਧਰਮਾਂ ਵਾਲੇ ਡੰਡ ਬਹੁਤੀ ਪਾਉਂਦੇ ਨੇ ਅਮਲੀ ਪੱਧਰ ’ਤੇ ਉਹ ਵੀ ਸੰਸਾਰੀਕਰਣ ਦੀ ਰੇਲ ਦੇ ਸਵਾਰ ਨੇ।

ਸਰਕਾਰਾਂ ਨੂੰ ਆਪਣੀ ਹੋਂਦ ਹਸਤੀ ਬਚਾਉਣ ਤੋਂ ਹੀ ਵਿਹਲ ਨਹੀਂ। ਉਹ ਦਮਗਜੇ ਬਥੇਰੇ ਮਾਰਦੀਆਂ ਨੇ, ਫੋਕੇ ਵਾਅਦਿਆਂ ਤੇ ਦਾਅਵਿਆਂ ਦੀ ਭਰਮਾਰ ਹੈ ਪੱਲੇ ਘੁਟਾਲਿਆਂ

ਤੋਂ ਸਿਵਾ ਕੁਝ ਵੀ ਨਹੀਂ। ਆਲਮੀ ਪੱਧਰ 'ਤੇ ਬਾਜਾਰੂ, ਵਿਖਾਵੇ ਤੇ ਫੋਕਟ ਰੁਚੀਆਂ ਨੇ ਸਭ ਨੂੰ ਕੁਰਾਹੇ ਪਾਇਆ ਹੋਇਆ ਹੈ। ਮਨੁੱਖੀ ਆਜ਼ਾਦੀਆਂ, ਲੋਕ ਰਾਜ, ਇਨਸਾਨੀ ਤੇ ਔਰਤਾਂ ਦੇ ਹੱਕਾਂ, ਬੱਚਿਆਂ ਬੁੱਢਿਆਂ ਦੇ ਦਿਨ ਦਿਹਾਰ, ਮਨਾਉਣੇ, ਵਾਤਾਵਰਣ ਦੀ ਸਾਂਭ ਸੰਭਾਲ, ਧਰਮ ਨਿਰਪੱਖਤਾ ਵਰਗੀਆਂ ਲੋਕ ਲੁਭਾਉ ਗੱਲਾਂ ਤਾਂ ਬਥੇਰੀਆਂ ਹੁੰਦੀਆਂ ਨੇ, ਹਕੀਕਤ ਵਿੱਚ ਸਭ ਕੁਝ ਕਿਧਰੇ ਪਾਤਾਲ 'ਚ ਗੁਆਚ ਗਿਆ ਹੈ। ਮਾਇਆ ਨੇ ਸਾਰਾ ਕੁਝ ਹੀ ਆਪਣੇ ਜਕੜ ਜਾਲ ਵਿੱਚ ਲਪੇਟ ਲਿਆ ਹੈ। ਗੁਰਵਾਕ ਹੈ 'ਮਾਇਆ ਹੋਈ ਨਾਗਣੀ ਜਗਤੁ ਰਹੀ ਲਿਪਟਾਇ॥' ਇਹ ਕਿਤਾਬ ਛਾਪਣ ਦਾ ਸਾਡਾ ਮੰਤਵ ਵੀ ਇਹੋ ਹੈ ਕਿ ਇਹਨਾਂ ਸਾਰੇ ਸਵਾਲਾਂ ਨੂੰ ਉਠਾਇਆ ਜਾਵੇ ਤੇ ਇਸ ਹਨ੍ਹੇਰਗਰਦੀ ਵਿੱਚੋਂ ਬਾਹਰ ਨਿਕਲਣ ਦਾ ਕੋਈ ਰਾਹ ਢੂੰਡਿਆ ਜਾਵੇ।

ਸਾਡੇ ਜਿਨ੍ਹਾਂ ਵੀ ਭੈਣ ਭਰਾਵਾਂ ਨੇ ਆਪਣੀਆਂ ਰਚਨਾਵਾਂ ਭੇਜੀਆਂ ਨੇ ਉਹਨਾਂ ਵਿੱਚ ਕੁਝ ਤਾਂ ਹਰ ਪੱਖੋਂ ਬਹੁਤ ਹੀ ਮੁੱਲਵਾਨ ਨੇ। ਕੁਝ ਹੋਰ ਨਵਿਆਂ ਸਿਖਾਂਦਰੂਆਂ ਤੇ ਅੱਲ੍ਹੜਾਂ ਦੀਆਂ ਵੀ ਅਸੀਂ ਜਾਣ ਬੁੱਝ ਕੇ ਸ਼ਾਮਲ ਕੀਤੀਆਂ ਹਨ ਤਾਂ ਜੋ ਉਹ ਵੀ ਕੁਝ ਹਾਂਦਰੂ ਕਰਨ ਲਈ ਸੋਚਣ। ਰਾਹ ਮਿਲ ਬੈਠ ਕੇ, ਸੋਚ ਵਿਚਾਰ ਕੇ ਹੀ ਕੱਢੇ ਜਾ ਸਕਦੇ ਨੇ। ਕਿਤਾਬ ਦੇ ਛਾਪੇ ਵਿੱਚ ਸਹਿਯੋਗ ਲਈ 'ਯੂਰਪੀ ਪੰਜਾਬੀ ਸੱਥ' ਵਾਲੇ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਡਟ ਕੇ ਸਾਡਾ ਸਾਥ ਨਿਭਾਅ ਰਹੇ ਨੇ। ਅਸੀਂ ਉਹਨਾਂ ਸਾਰੇ ਹੀ ਭੈਣ ਭਰਾਵਾਂ ਦੇ ਸ਼ੁਕਰਗੁਜ਼ਾਰ ਹਾਂ। ਨਿੱਜੀ ਤੌਰ 'ਤੇ ਜਿਹੜਾ ਸਹਿਯੋਗ, ਸੰਨੀ ਕੋਛੜ, ਬਲਜਿੰਦਰ ਰਾਣੀ, ਇੰਦਰਜੀਤ ਸਿੰਘ ਘੁੰਗਰਾਲੀ ਅਤੇ ਬੀਬੀ ਅੰਮ੍ਰਿਤ ਕੌਰ ਨੇ ਦਿੱਤਾ ਹੈ ਉਹਦੇ ਲਈ ਦਿਲੋਂ ਧੰਨਵਾਦ। ਆਸ ਇਹੋ ਹੈ ਕਿ ਪੰਜਾਬੀ ਪਿਆਰੇ ਸਾਡੀਆਂ ਕੀਤੀਆਂ ਮਿਹਨਤਾਂ ਦਾ ਮੁੱਲ ਪਾਉਂਦੇ ਹੋਏ ਕਿਤਾਬ ਖਰੀਦ ਕੇ ਪੜ੍ਹਨਗੇ ਵੀ ਤੇ ਸਾਨੂੰ ਆਪੋ ਆਪਣੇ ਕੀਮਤੀ ਸੁਝਾਅ ਵੀ ਲਾਜ਼ਮੀ ਦੇਣਗੇ। ਇਹਦੇ ਵਿੱਚ ਹੀ ਸਭ ਦਾ ਭਲਾ ਹੈ।

**ਮੋਤਾ ਸਿੰਘ ਸਰਾਏ**
**ਸੰਚਾਲਕ ਯੂਰਪੀ ਪੰਜਾਬੀ ਸੱਥ**
**ਵਾਲਸਾਲ-ਯੂ.ਕੇ।**

**ਡਾ. ਨਿਰਮਲ ਸਿੰਘ**
**ਸੇਵਾਦਾਰ ਪੰਜਾਬੀ ਸੱਥ**
**ਲਾਂਬੜਾ-ਜਲੰਧਰ।**

# ਪਿੰਡ ਦਾ ਸਿਰਨਾਵਾਂ

-ਅਮਰਜੀਤ ਸਿੰਘ ਮਾਂਗਟ*

ਸਰਹਿੰਦ ਨਹਿਰ ਕਿਨਾਰੇ, ਰਾਮਪੁਰ ਵੱਸਦਾ ਇੱਕ ਗਰਾਂ।
ਹਰੀ ਨਾਮ ਦਾ ਵਾਸਾ ਜਿੱਥੇ, ਰੱਬ ਵਰਗਾ ਜਿਸਦਾ ਨਾਂ।
ਉਤਰਾ ਚੜ੍ਹਾ ਕਈ ਆਏ, ਵਾਪਰੀਆਂ ਕਈ ਘਟਨਾਵਾਂ।
ਸਿਆਲੇ ਵਿੱਚ ਧੁੱਪ ਮਾਣੀ, ਗਰਮੀ ਵਿੱਚ ਠੰਡੀਆਂ ਛਾਵਾਂ।
ਧਰਤੀ ਭਾਗ ਭਰੀ, ਵੇਖਣ ਨੂੰ ਕੁਦਰਤ ਦੇ ਝਲਕਾਰੇ।
ਭਾਗ ਮੱਲ ਦੀ ਨਗਰੀ, ਵੱਸਦੀ ਸਰਹਿੰਦ ਨਹਿਰ ਕਿਨਾਰੇ।
ਦਸਵੇਂ ਗੁਰਾਂ ਦੀ ਛੂਹ ਪ੍ਰਾਪਤ, ਸੁੰਦਰ ਗੁਰੂਦੁਵਾਰੇ।
ਬੰਦੇ ਦਾ ਮਨ ਮੋਂਹਦੇ, ਕੁਦਰਤ ਦੇ ਰੰਗੀਨ ਨਜ਼ਾਰੇ।
ਸਾਹਿਤ ਸਭਾ ਰਾਮਪੁਰ ਦੀ ਨੇ, ਪੈਦਾ ਕੀਤੇ ਕਈ ਲਿਖਾਰੀ।
ਸੁਰਜੀਤ ਤੇ ਗੁਰਚਰਨ ਨੂੰ, ਜਾਣੇ ਦੁਨੀਆਂ ਸਾਰੀ।
ਸ਼ਾਇਰ ਬਣ ਜਾਂਦਾ, ਜੋ ਪੀ ਲੈਂਦਾ ਦੁੱਧ ਵਰਗਾ ਪਾਣੀ।
ਘਰ ਘਰ ਅੰਦਰ ਵਾਸਾ, ਗੂੰਜੇ ਅੰਮ੍ਰਿਤਮਈ ਬਾਣੀ।
ਘਰ ਘਰ ਅੰਦਰ ਵਾਸਾ, ਗੂੰਜੇ ਗੁਰ ਨਾਨਕ ਦੀ ਬਾਣੀ।

**"ਪਿੰਡਾਂ ਦੀ ਨੁਹਾਰ"**

ਆ ਨੀ ਕੁੜੀਏ ਸ਼ਹਿਰ ਦੀਏ, ਤੈਨੂੰ ਪਿੰਡ ਦਾ ਸੁਰਗ ਦਿਖਾਵਾਂ।
ਦੂਰ-ਦਰਸ਼ਨ ਵਾਲੇ ਵੇਖਣ ਆਉਂਦੇ, ਲੈ ਕੇ ਪਿਆਰ ਅਦਾਵਾਂ।
ਕਣਕ ਝੋਨੇ ਦੇ ਖੇਤ ਲਹਿਰਾਉਂਦੇ, ਲੈਂਦੇ ਮਸਤ ਹੁਲਾਰੇ।
ਚੜ੍ਹੀ ਜਵਾਨੀ, ਜੋਬਨ ਡੁੱਲ੍ਹ ਡੁੱਲ੍ਹ ਪੈਂਦਾ ਆਪ ਮੁਹਾਰੇ।
ਖੇਤਾਂ ਵਿੱਚ ਟਰੈਕਟਰ ਨੱਚਣ, ਪਏ ਪਾਉਂਦੇ ਘੁਮਕਾਰਾਂ।
ਚਿੱਟਾ ਦੁੱਧ ਵਰਗਾ ਪਾਣੀ, ਪੈਣ ਬੰਬੇ ਦੀਆਂ ਧਾਰਾਂ।
ਗੀਤ, ਭੰਗੜੇ ਵਿੱਚ ਨੱਚਣ, ਮੁਟਿਆਰਾਂ ਤੇ ਗੱਭਰੂ ਅਲਬੇਲੇ।
ਪਿੰਡ ਪਿੰਡ ਸਭਿਆਚਾਰਕ ਲੱਗਦੇ ਪੇਂਡੂ ਖੇਡ ਜੋੜ ਮੇਲੇ।
ਪਿੰਡਾਂ ਵਿੱਚ ਹੁਣ, ਸ਼ਹਿਰਾਂ ਵਾਲੀਆਂ ਮੌਜ ਬਹਾਰਾਂ।
ਹਰ ਇੱਕ ਚੀਜ਼ ਮਿਲਦੀ, ਘੁੰਮਣ ਮੋਟਰ ਗੱਡੀਆਂ ਤੇ ਕਾਰਾਂ।
ਪਸ਼ੂ ਪੰਛੀ ਚਹਿ ਚਹਾਉਂਦੇ ਗੀਤ ਅਮਨ ਪਿਆਰ ਦੇ ਗਾਵਾਂ।
ਆ ਨੀ ਕੁੜੀਏ ਸ਼ਹਿਰ ਦੀਏ, ਤੈਨੂੰ ਪਿੰਡ ਦੀ ਸੈਰ ਕਰਾਵਾਂ।

* ਪਿੰਡ ਤੇ ਡਾ: ਰਾਮਪੁਰਾ,
ਤਹਿ : ਪਾਇਲ (ਲੁਧਿਆਣਾ)
01628-284331

# ਗੁਵਾਚਿਆ ਸੱਚ (ਗੀਤ)

-ਅਮਨ ਅਰਮਾਨ*

ਆਵੋ ਕੋਈ ਆਵੋ,
ਮੇਰੇ ਗੀਤ ਨੂੰ ਬਚਾਵੋ।
ਦੂਰ ਹੁੰਦਾ ਜਾਵੇ ਮੈਥੋਂ,
ਕੋਈ ਆਣ ਸਮਝਾਵੋ।....
ਆਵੋ ਕੋਈ ਆਵੋ....
ਮੇਰਾ ਗੀਤ....
ਅੜੀ ਕਰੀ ਜਾਏ ਭੈੜਾ।
ਮੰਗੇ ਬੀਤੀਆਂ ਇਹ ਪੈੜਾਂ।
ਸਮਝਾਵਾਂ ਇਹਨੂੰ ਕਿੱਦਾਂ
ਕਿਵੇਂ ਦੌਰ ਚੱਲਦੇ ਮੈਂ ਮਿੱਧਾਂ।
ਮੁੜ-ਮੁੜਕੇ ਕਿ ਸਤਾਵੇ
ਛੁਡਾਵਾਂ ਕਿਵੇਂ ਖਹਿੜਾ।
ਮੈਂ ਸੱਚੀਆਂ ਸੁਣਾਵਾਂ
ਗਲ ਖਾਨੇ ਇਹਦੇ ਪਾਵੋ।
ਆਵੋ ਕੋਈ ਆਵੋ....
ਮੇਰੇ ਗੀਤ ਨੂੰ....
ਮੰਗੀ ਜਾਏ ਮੇਰੇ ਕੋਲੋਂ
ਬੋਹੜਾਂ, ਪਿੱਪਲਾਂ ਦੀ ਛਾਂ
ਇੱਕੋ ਥਾਵਾਂ ਕੱਠੇ ਮੰਗੇ
ਕੁਮਾਰ ਸਿੰਘ ਅਤੇ ਖਾਂ
ਨਾਲੇ ਮੰਗੇ ਮੇਰੇ ਕੋਲੋਂ,
ਪੂਰਬਾਂ 'ਚ ਪੂਰੀ ਪੂਰਬੀ ਹਵਾ
ਸ਼ਹਿਦ ਪੂਰਬੀ 'ਚ ਨਾ,
ਕੋਈ ਸ਼ਹਿਰ ਪੱਛਮੀ ਮਿਲਾਵੋ।....
ਆਵੋ ਕੋਈ ਆਵੋ....
ਮੇਰੇ ਗੀਤ ਨੂੰ....
ਇਹ ਲੱਭੇ ਅੱਜ ਹਾਂਢੀ,

ਹਾਏ 'ਚੰਬਾ ਖੇਲ੍ਹਣੇ ਨੂੰ।
ਉਹ ਵੱਡੀਆਂ ਚਰਾਂਦਾਂ,
ਗੁੱਲੀ ਡੰਡਾ, ਬੰਟੇ ਪੇਲ਼ਣੇ ਨੂੰ।
ਗੁੜ, ਚਾਂਡ, ਰਾਬ ਲੱਭੇ,
ਲੱਭੇ ਰਸਾਂ ਵਾਲੇ ਵੇਲਣੇ ਨੂੰ।
ਬਦਲਿਆਂ ਦੌਰਾਂ ਵਿੱਚ,
ਇਹਨੂੰ ਖੇਡਾਂ ਨਵੀਆਂ ਸਿਖਾਵੋ।....
ਆਵੋ ਕੋਈ ਆਵੋ....
ਮੇਰੇ ਗੀਤ ਨੂੰ....
ਆਨਿਆਂ ਦੁਵਾਨੀਆਂ 'ਚ
ਵਟੀ-ਵਟੀ ਅੰਬ ਟੋਲੇ।
ਪਿੰਨੀਆਂ ਦੀ ਭਾਲ ਕਰੇ
ਸੰਦੂਕ ਪਿਆ ਫੋਲੇ।
ਹੋਲਾਂ ਚੱਬਣੇ ਨੂੰ ਆਖੇ,
ਚੱਬ ਸਮਿਆਂ ਦੇ ਛੋਲੇ।
ਕੋਈ ਤੇ ਵਰਾਵੋ,
ਇਹਨੂੰ ਖਿੱਲਾਂ ਹੀ ਵਿਖਾਵੋ।....
ਆਵੋ ਕੋਈ ਆਵੋ....
ਮੇਰੇ ਗੀਤ....
ਮੰਗੇ ਚਾਟੀ ਵਾਲੀ ਲੱਸੀ,
ਨਾਲ ਮੱਖਣਾ ਦੇ ਪੇੜੇ।
ਹੱਲਟਾਂ ਦੀ ਟਿੱਕ-ਟਿੱਕ,
ਉਹ ਗਾਧੀਆਂ ਦੇ ਗੇੜੇ।
ਤਰਸੇ ਕੁੱਕੜਾਂ ਦੀ ਬਾਂਗ ਤਾਂਈ
ਹਾਏ! ਤੜਕੇ ਸਵੇਰੇ।
ਉਹ ਗੁੰਮੀ ਜਾਏ ਸਭ,
ਕੋਈ ਇਹਨੂੰ ਸਮਝਾਵੋ।
ਆਵੋ ਕੋਈ ਆਵੋ....
ਮੇਰੇ ਗੀਤ....
ਇਹ ਲੱਭਦਾ ਪੰਜਾਲੀ,
ਹਰਨਾੜੀ ਬਾਪੂ ਵਾਲੀ।
ਟੋਲ਼ੇ ਹਟ ਪਿੱਛੇ, ਤਾਂਹਾਂ-ਤਾਂਹਾਂ
ਕਰਦਾ ਉਹ ਹਾਲੀ।
ਉੱਡੀਕੇ ਭੱਤਾ ਲੈਕੇ ਆਉਂਦੀ,

ਚੂਰੀ ਛੰਨੇ ਦੀ ਨਿਰਾਲੀ।
ਜਾਂਦਾ-ਜਾਂਦਾ ਕੋਈ
ਇਹ ਸੁਨੇਹਾ ਹੀ ਪਹੁੰਚਾਵੋ
ਆਵੋ ਕੋਈ ਆਵੋ....
ਮੇਰੇ ਗੀਤ....

ਇਹ ਪੁੱਛੇ ਪਿਆ ਅੱਜ,
ਬੁੱਢੜੀ ਮਾਈ ਦੇ ਅਟੇਰਨੇ।
ਕੱਚੇ ਵੇਹੜਿਆਂ ਦੇ ਵਿੱਚ,
ਛੱਜਾਂ ਦੇ ਛਟੇਰਨੇ।
ਸਣ ਵਾਲੀ ਮੰਜੀ ਉੱਤੇ,
ਸਾਗ ਸਰ੍ਹੋਂ ਦੇ ਸਗੇਰਨੇ।
ਕੋਈ ਫੋਟੋ ਹੀ ਵਿਖਾਵੋ,
ਇਹਦਾ ਦਿਲ ਬਹਿਲਾਵੋ।
ਆਵੋ ਕੋਈ ਆਵੋ....
ਮੇਰੇ ਗੀਤ....

ਤੀਆਂ ਵਿੱਚ ਲੱਭੇ ਅੱਜ,
ਪੀਂਘ ਦਾ ਹੁਲਾਰਾ।
ਖੂਹਾਂ ਉੱਤੇ ਟੋਲ਼ੇ,
ਦਲੀਏ ਲਈ ਕਤਾਰਾਂ।
ਅੱਲ੍ਹੜਾਂ ਤੋਂ ਪੁੱਛੇ ਲੌਂਣ
ਤੇ ਘੱਗਰਾ ਪਿਆਰਾ।
ਹਯਾ ਕਰੋ ਥੋੜੀ,
ਦੁਪੱਟਾ ਸਿਰ ਤੇ ਟਿਕਾਵੋ।
ਆਵੋ ਕੋਈ ਆਵੋ....
ਮੇਰੇ ਗੀਤ....

ਤ੍ਰਿਝੰਣ ਇਹ ਲੱਭੇ,
ਨਾਲ ਲੱਭੇ ਫੁਲਕਾਰੀਆਂ।
ਕਿੱਥੇ ਗਈਆਂ ਰੱਬਾ
ਉਹ ਨਿਆਮਤਾਂ ਪਿਆਰੀਆਂ।
ਕਿਹੜੀ ਚੱਕੀ ਵਿਚ ਗਈਆਂ।
ਪਿਸ ਰੌਣਕਾਂ ਉਹ ਸਾਰੀਆਂ।
ਸੁੰਨੇ-ਸੁੰਨੇ ਚਾਦਰੇ ਤੇ,
ਮੁੜ ਫੁੱਲ ਨਵਾਂ ਪਾਵੋ।
ਆਵੋ ਕੋਈ ਆਵੋ....
ਮੇਰੇ ਗੀਤ....

ਇਹ ਰੋਵੇ ਅੱਜ ਵੇਖ
ਭੰਗੜੇ ਤੇ ਗਿੱਧਿਆਂ ਨੂੰ
ਉਹ ਨੰਗਿਆਂ ਸਰੀਰਾਂ,
ਹਾਏ ! ਹੇਠ ਮਿੱਧਿਆਂ ਨੂੰ।
ਵਲ ਕਿੰਨੇ ਪਏ ਮੇਰੇ–
ਦੇਸ਼ ਦਿਆਂ ਸਿੱਧਿਆਂ ਨੂੰ
ਇਹ ਵੱਡੀਆਂ ਸਿਆਸਤਾਂ ਨੇ,
ਨਾ ਵਿਰਸਾ ਮਿਟਾਵੋ।....
ਆਵੋ ਕੋਈ ਆਵੋ....
ਮੇਰੇ ਗੀਤ....

ਬਦਲੀਆਂ ਸੋਚਾਂ, ਗੁੰਮੇ ਪਹਿਰਾਵੇ।
ਹੁਣ ਗੀਤ ਕੀਹਨੂੰ ਸਹਿਰਾਵੇ।
ਭਾਈ–ਭਾਈਆਂ ਦੇ ਨੇ ਵੈਰੀ,
ਨਾ ਪੱਗ ਕੋਈ ਵਟਾਵੇ।
ਭੁੱਜੇ ਭਾਈ ਚਾਰਿਆਂ ਦੇ ਰੁੱਖ
ਜਾ ਕਚਹਿਰੀ ’ਚ ਥਿਆਵੇ।
ਉਹਨਾਂ ਕਾਲੇ ਲੀੜਿਆਂ ’ਚੋਂ,
ਚਿੱਟਾ ਸੱਚ ਲੱਭ ਕੇ ਵਿਖਾਵੋ।
ਆਵੋ ਕੋਈ ਆਵੋ....
ਮੇਰੇ ਗੀਤ....

‘ਅਰਮਾਨ’ ਕਿੱਦਾਂ ਗੀਤ ਗਾਏ।
ਹਾਏ ! ਕਿਹਨਾਂ ਕਿਸਮਾਂ ਦਾ ਗਾਏ।
‘ਧੂਤਾਂ’ ਵਿੱਚ ਗਾਏ ਬਸ,
ਗੋਰੇ ਜਿਸਮਾਂ ਦਾ ਗਾਏ।

ਕਿੰਝ ਡੁੱਬੇ ਆਫਤਾਬ,
ਦੀਆਂ ਰਿਸ਼ਮਾਂ ਦਾ ਗਾਏ।
ਕੋਈ ਹੱਥ ਤੇ ਹਿਲਾਵੋ,
ਮੋੜ ਸੂਰਜ ਲਿਆਵੋ।

ਆਵੋ ਕੋਈ ਆਵੋ
ਮੇਰੇ ਗੀਤ ਨੂੰ ਬਚਾਵੋ।
ਦੂਰ ਹੁੰਦਾ ਜਾਵੇ ਮੈਥੋਂ।
ਕੋਈ ਆਣ ਸਮਝਾਵੋ।
ਆਵੋ ਕੋਈ ਆਵੋ।....

* ਫੋਨ : 99150-15720

# ਚੰਡੀਗੜ੍ਹ ਬੰਗਲਾ ਪੁਆ ਦੇ

-ਅਮਰ ਸਿੰਘ ਅਲੂਣਾ*

ਮੁਟਿਆਰ : ਮੈਨੂੰ ਚੰਡੀਗੜ੍ਹ ਬੰਗਲਾ ਪੁਆ ਦੇ,
ਮੈਂ ਨਹੀਂਓ ਪਿੰਡ ਵੱਸਣਾ।
ਮੇਰੀ ਨੌਕਰੀ ਦਾ ਕਾਰਡ ਬਣਾ ਦੇ,
ਮੈਂ ਨਹੀਂਓ ਪਿੰਡ ਵੱਸਣਾ।

ਗੱਭਰੂ : ਕੀ ਲੈਣਾ ਸ਼ਹਿਰ ਵਿੱਚ ਜਾ ਕੇ,
ਪਿੰਡ ਦਾ ਨਜ਼ਾਰਾ ਲੁੱਟ ਲੈ।
ਰੱਖ ਚਿੱਤ ਆਪਣਾ ਸਮਝਾ ਕੇ,
ਪਿੰਡ ਦਾ ਨਜ਼ਾਰਾ ਲੁੱਟ ਲੈ।

ਮੁਟਿਆਰ : ਰੋਲੀ ਵੇ ਜੁਆਨੀ ਜੱਟਾ
ਪਿੰਡ ਦੀਆਂ ਗਲੀਆਂ 'ਚ।
ਪਾਲੀ ਅਸੀਂ ਨਾਜ਼ਾ ਨਾਲ,
ਕੌਲਜੀਏਟ ਕਲੀਆਂ 'ਚ।
ਇਨ੍ਹਾਂ ਘਰਾਂ 'ਚੋਂ ਮੁਸ਼ਕ ਪਿਆ ਆਵੇ,
ਮੈਂ ਨਹੀਂਓ ਪਿੰਡ ਵੱਸਣਾ।

ਗੱਭਰੂ : ਸੁਣ ਮੇਰੀ ਗੋਰੀਏ ਨੀ,
ਬੰਗਲਾ ਪੁਆ ਦਿਆਂ।
ਜੀਵੇਂ ਜਿੰਦ ਮੇਰੀਏ ਨੀ, ਬਾਗ ਵੀ ਲਵਾ ਦਿਆਂ
ਪੱਕੀ ਸੜਕ ਦਿਆਂ ਬਣਵਾ ਕੇ।
ਪਿੰਡ ਦਾ ਨਜ਼ਾਰਾ ਲੁੱਟ ਲੈ।

ਮੁਟਿਆਰ : ਉੱਡੀਂ ਜਾਵੇ ਘੱਟਾ,
ਰੰਗ ਹੋਇਆ ਮੇਰਾ ਕਾਲਾ ਵੇ।
ਔਜੜ ਉਜਾੜ ਦਿਸੇ,

ਮੈਨੂੰ ਆਲਾ ਦੁਆਲਾ ਵੇ।
ਮੇਰੀ ਤੱਤੜੀ ਦੀ ਆਸ ਪੁਜਾ ਦੇ
ਮੈਂ ਨਹੀਂਓ ਪਿੰਡ ਵੱਸਣਾ।

ਗੱਭਰੂ : ਖੇਤਾਂ ਵਿੱਚ ਮੇਰਿਆਂ ਦੇ,
ਰੱਬ ਪਿਆ ਵੱਸਦਾ।
ਮੱਕੀ ਮੁਟਿਆਰ ਹੋਈ,
ਨਰਮਾ ਏ ਹੱਸਦਾ।
ਰਸ ਗੰਨਿਆ ’ਚ ਚੜ੍ਹੇ ਵੱਟ ਖਾ ਕੇ,
ਪਿੰਡ ਦਾ ਨਜ਼ਾਰਾ ਲੁੱਟ ਲੈ।

# ਕੰਮ ਸੰਭਾਲੇ ਭਈਆਂ ਨੇ

-ਆਤਮਾ ਸਿੰਘ ਚਿੱਟੀ*

ਹੱਥੀਂ ਹੁਣ ਕੋਈ ਕੰਮ ਨਾ ਕਰਦਾ
ਉੱਪਰੋਂ ਖਿਆਲ ਰੱਖੇ ਹੁਣ ਘਰ ਦਾ
ਖੂਹ, ਘਰਾਂ ਤੇ ਖੇਤਾਂ ਦੇ ਵਿੱਚ
ਕੰਮ ਸੰਭਾਲੇ ਭਈਆਂ ਨੇ।
ਮਹਿਲਾਂ ਵਰਗੀਆਂ ਖੋਠੀਆਂ ਪਾਈਆਂ,
ਰੀਸੋ ਰੀਸੀ ਕਈਆਂ ਨੇ।

ਨਿਰਭਰ ਹੋ ਗਏ ਭਈਆਂ ਉੱਤੇ।
ਵਿਹਲੇ ਰਹਿੰਦੇ ਹਰ ਇੱਕ ਰੁੱਤੇ।
ਕੰਮ ਵਾਲੀਆਂ ਘਰਾਂ 'ਚ ਲਾਈਆਂ
ਵਿਹਲਿਆਂ ਮੌਜਾਂ ਲਈਆਂ ਨੇ।
ਖੂਹ, ਘਰਾਂ ਤੇ ਖੇਤਾਂ ਦੇ ਵਿੱਚ....।

ਕਈ ਪ੍ਰਵਾਸੀ ਭਈਏ ਆ ਗਏ।
ਘਰੀਂ ਦੁਕਾਨੀਂ ਹਰ ਥਾਂ ਛਾ ਗਏ।
ਪੁੱਤਰ ਧੀਆਂ ਘੱਲ ਵਿਦੇਸ਼ੀਂ
ਹੋਸ਼ ਗਵਾਈ ਰੁਪਈਆਂ ਨੇ।
ਖੂਹ, ਘਰਾਂ ਤੇ ਖੇਤਾਂ ਦੇ ਵਿੱਚ....।

ਜੱਟ ਕਚਹਿਰੀ ਠਾਣੇ ਰਹਿੰਦਾ।
ਕਦੇ ਟਿਕ ਕੇ ਘਰੇ ਨਾ ਬਹਿੰਦਾ।
ਹੋ ਨਾ ਜਾਵਣ ਗੁੱਸੇ ਕਿਧਰੇ
ਗੱਲਾਂ ਸੱਚੀਆਂ ਕਹੀਆਂ ਨੇ।
ਖੂਹ, ਘਰਾਂ ਤੇ ਖੇਤਾਂ ਦੇ ਵਿੱਚ
ਕੰਮ ਸੰਭਾਲੇ ਭਈਆਂ ਨੇ।

* ਪਿੰਡ ਤੇ ਡਾਕ : ਚਿੱਟੀ (ਜਲੰਧਰ)
0181-2796427

# ਸ਼ਹਿਰੀ ਲੋਕ

-ਅਰਜਿੰਦਰ ਬੁਤਾਲੀਆ

ਸ਼ਹਿਰ ਮੇਰੇ ਦੇ ਗੰਦੇ ਲੋਕ
ਚੰਗੇ ਨੇ ਕੁਝ ਮੰਦੇ ਲੋਕ

ਪੋਲੀਥੀਨ ਖਲਾਰੀ ਜਾਂਦੇ
ਵਿੱਚ ਨਾਲੀਆਂ ਵਾੜੀ ਜਾਂਦੇ
ਪਾਣੀ ਨੂੰ ਖਲ੍ਹਾਰੀ ਜਾਂਦੇ
ਸਮਝ ਬਹੁਤ ਇਹ ਚੰਗੇ ਲੋਕ

ਕੂੜੇ ਦੇ ਡਰੰਮ ਭਰੇ ਨੇ
ਸੂਰ ਉਸ ਦੇ ਵਿੱਚ ਵੜੇ ਨੇ
ਕੁੱਤੇ ਵੇਖਣ ਡਰੇ ਡਰੇ ਨੇ
ਝੋਲੇ ਬੱਚਿਆਂ ਹੱਥ ਫੜੇ ਨੇ
ਕੀ ਕਰਦੇ ਇਹ ਧੰਦੇ ਲੋਕ

ਹਰ ਥਾਂਹ ਫਲੈਟ ਬਣਾਈ ਜਾਂਦੇ
ਹਵਾ ਦੂਰ ਭਜਾਈ ਜਾਂਦੇ
ਰੁੱਖਾਂ ਨੂੰ ਕਟਾਈ ਜਾਂਦੇ
ਲਉਂਦੇ ਫੜ ਫੜ ਰੰਦੇ ਲੋਕ

ਧੂਆਂ ਧੂਆਂ ਹੋਈ ਜਾਵੇ
ਕੋਈ ਵੀ ਸੁਖ ਦਾ ਸਾਹ ਨਾ ਆਵੇ
ਦਮੇ ਦੀ ਹਰ ਦਵਾ ਕੋਈ ਖਾਵੇ
ਭਰਦੇ ਪਏ ਨੇ ਮੰਜੇ ਲੋਕ
ਚਲ ਬੁਤਾਲੀਆਂ ਪਿੰਡ ਜਾ ਵੱਸੀਏ
ਸੁਖੀ ਰਹਿੰਦੇ ਰੱਜ ਰੱਜ ਹਸੀਏ
ਕਿਸੇ ਦੀ ਸੁਣੀਏ ਕਿਸੇ ਨੂੰ ਦੱਸੀਏ
ਸ਼ਹਿਰ ਨਹੀਂ ਰਹਿਣਾ ਗੰਦੇ ਲੋਕ

* ਪਿੰਡ ਬੁਤਾਲਾ-ਅੰਮ੍ਰਿਤਸਰ।

# ਸਭ ਬਦਲ ਗਿਆ

-ਅੰਜੂ ਸ਼ਰਮਾ*

ਹੁਣ ਜ਼ਮਾਨੇ ਬਦਲ ਗਏ
ਗੱਲ ਬਾਤ, ਰਹਿਣ ਸਹਿਣ
ਦੇ ਤੌਰ ਤਰੀਕੇ ਬਦਲ ਗਏ
ਰੀਤ ਰਿਵਾਜ, ਕਾਰ ਵਿਹਾਰ
ਬਦਲ ਗਏ
ਹਫਤੇ ਤੋਂ ਤਿੰਨ ਦਿਨ, ਦਿਨਾਂ ਤੋਂ
ਘੰਟਿਆਂ ਵਿੱਚ ਵਿਆਹ ਹੋਣ ਲੱਗੇ
ਨਾ ਰਹੇ ਹੁਣ ਚਿੱਠੀਆਂ ਤੇ ਪੱਤਰ
ਸੁੰਨੇ ਸੁੰਨੇ ਨੇ ਹੁਣ ਡਾਕਘਰ
ਨਾ ਰਹੀ ਉਹ ਕਲਮ ਸਿਆਹੀ
ਭੁੱਲਦੇ, ਭੁੱਲਦੇ ਭੁੱਲ ਗਏ ਲਿਖਣੀ ਪੰਜਾਬੀ
ਨਾ ਰਹੇ ਉਹ ਰਿਸ਼ਤੇ ਤੇ ਨਾਤੇ
ਨਾ ਰਹੇ ਉਹ ਦਿਲ, ਨਾ ਹਾਸੇ
ਸ਼ਗਨਾਂ ਵਿਆਹਾਂ ਦੇ ਆਉਂਦੇ ਸਨ
ਲਾਗੀ ਹੱਥ ਸੁਨੇਹੇ
ਜਾਂ ਹੁੰਦੇ ਸੀ ਕਾਗਜ਼ ’ਤੇ ਸੁੱਟੇ
ਕੇਸਰ ਦੇ ਛਿੱਟੇ
ਸੀ ਉਹ ਵੇਲੇ ਸਾਊ ਬਥੇਰੇ
ਕੁੜੀ ਦੇ ਵਿਆਹ ਵੇਲੇ
ਮਾਈਆਂ ਵਟਣਾ ਸੀ ਲਗਾਉਂਦੇ
ਨਾਨਕੀ ਛੱਕ ਨਾਲ ਸੀ ਭਰੇ ਹੁੰਦੇ ਮੰਜੇ
ਸੁਹਾਗ ਤੇ ਗੀਤ ਗਾਉਣੇ
ਨਾਨਕਾ ਮੇਲ ਲਗਾਉਂਦਾ ਸੀ ਖ਼ੂਬ ਤਮਾਸ਼ੇ
ਤੜਕਸਾਰ ਚੂੜੇ ਦੀ ਰਸਮ
ਮਾਮੇ ਸੀ ਰੋ ਰੋ ਕੇ ਨਿਭਾਉਂਦੇ
ਲਾਡਾਂ ਨਾਲ ਪਾਲੀ ਲਾਡੋ ਦਾ ਮੱਥਾ ਚੁੰਮਦੇ

ਬਾਬਲ, ਵੀਰ, ਚਾਚੇ ਦੇ
ਹੁੰਦੇ ਸੀ ਦਰਦ ਨਾਲ ਸਿਰ ਝੁਕੇ,
ਅੱਖਾਂ ਵਿੱਚ ਹੰਝੂ ਸਭ ਦੇ
ਮਾਂ ਦੇ ਕਲੇਜੇ ਹੁੰਦੇ ਸੀ ਹੌਲ ਪੈਂਦੇ
ਵੇਦੀ, ਅਨੰਦ ਕਾਰਜ ਸਨ ਵਾਂਗ ਭਗਤੀ
ਸੰਗ ਜਨਮ ਮਰਨ ਦੀ, ਦੁੱਖ ਸੁੱਖ ਦੀ
ਸੀ ਸਹੁੰ ਪੈਂਦੀ ਖਾਣੀ
ਰੋਂਦੀ ਕੁਰਲਾਉਂਦੀ ਬਾਬਲ ਦੀ ਸੀ
ਧੀ ਵਿਦਾ ਹੁੰਦੀ
ਪੈਂਦਾ ਵੇਖ ਵਿਛੋੜਾ
ਰੱਬ ਦੀ ਵੀ ਸੀ ਅੱਖ ਰੋਂਦੀ
ਪਿੰਡ ਦੀ ਜੂਹ ਤੋਂ ਸੀ ਜਦ ਸਾਂਝ ਟੁੱਟਦੀ
ਸੀ ਮੇਰੇ ਪੰਜਾਬ ਦੀ
ਹਰ ਰਸਮ ਗੂੜ੍ਹੀ ਤੇ ਪਿਆਰੀ
ਨਾਲ ਸਤਿਕਾਰ ਤੇ ਸੰਸਕਾਰ ਭਰੀ
ਅੱਜ ਬਦਲ ਗਈ ਹੈ ਸੋਚ ਸਾਡੀ
ਖਾਣਾ ਪੀਣਾ ਤੇ ਬੋਲ ਬਾਣੀ
ਹੈ ਸੰਗ ਪੈਸੇ ਦੋਸਤੀ
ਨਾ ਕੋਈ ਭੈਣ ਨਾ ਭਾਈ ਨਾ ਸੰਗੀ ਸਾਥੀ
ਆਪੋ ਆਪਣੇ ਤੌਰ ਤਰੀਕੇ
ਵਾਂਗੂੰ ਕਾਵਾਂ ਰੌਲੀ
ਮੇਰੀ ਮਰਜ਼ੀ ਬਈ ਮੇਰੀ ਮਰਜ਼ੀ
ਨਹੀਂ ਰਿਹਾ ਚਾਅ ਵਿਆਹ ਸ਼ਾਦੀ ਦਾ
ਬਸ ਹੁਣ ਰਸਮ ਹੈ ਫਰਜ਼ੀ
ਤੂੰ ਵੀ ਦੋਸ਼ੀ ਮੈਂ ਵੀ ਦੋਸ਼ੀ
ਗੁਆ ਬੈਠੇ ਹਾਂ ਸਾਂਭੀ ਪੂੰਜੀ
ਜਾਂਦੇ ਹਾਂ ਅੰਦਰੋਂ-ਅੰਦਰੀਂ ਆਪਾਂ ਧੁੱਖੀ
ਧੀਆਂ ਪੁੱਤਰਾਂ ਨਾਲ ਕੋਈ ਗੱਲ ਨਾ ਸਾਂਝੀ
ਆਪੋ ਆਪਣੇ ਕੰਮਾਂ ਵਿੱਚ ਹਾਂ ਰੁੱਝੇ
ਹੁਣ ਨਾ ਰੋ (ਅੰਜੂ) ਇਹ ਗਲਤੀ ਹੈ ਤੇਰੀ ਕੀਤੀ

* **ਪੰਜਾਬੀ ਸੱਥ ਜਰਮਨੀ**

# ਕਿੱਥੇ ਗਏ ਉਹ ਦਿਨ?

-ਅਵਤਾਰ ਸਿੰਘ ਉੜਾਪੜ*

ਕਿੱਥੇ ਗਏ! ਕਿੱਥੇ ਗਏ ਨੀ ਮੇਰੀ ਮਾਂ ਨੀ ਉਹ ਦਿਨ ਕਿੱਥੇ ਗਏ
ਜਦੋਂ ਹੋ ਰਿਹਾ ਸਾਂ ਹਾਲੇ ਮੈਂ ਜਵ੍ਹਾਂ, ਨੀ ਉਹ ਦਿਨ ਕਿੱਥੇ ਗਏ

ਕਿੱਥੇ ਗਏ ਖੂਹ ਫਲ੍ਹੇ ਤੇ ਬੈਲਾਂ ਦੀਆਂ ਜੋੜੀਆਂ
ਰੀ-ਰੀ ਅਤੇ ਟਿੱਕ-ਟਿੱਕ ਹਲ਼ਾਂ ਦੀਆਂ ਗੇੜੀਆਂ
ਠੰਢੀ ਪੈੜੀ ਵਿੱਚ ਤੂਤਾਂ ਵਾਲੀ ਛਾਂ.....
ਤੀਆਂ ਦੀਆਂ ਘੋੜੀਆਂ ਬਹੁ ਦੇਰ ਤਾਈਂ ਗਾਉਣੀਆਂ
ਕੱਠਿਆਂ ਨੇ ਬੈਠ ਕੇ ਬੁਝਾਰਤਾਂ ਵੀ ਪਾਉਣੀਆਂ
ਪੀਂਘਾ ਚਾੜ੍ਹਨੀਆਂ ਅੱਧ ਅਸਮਾਂ.....
ਪੈੜੀ ਵਿੱਚ ਪਾਣੀ ਛਾਂਟੇ ਆਉਂਦੀ ਜੋ ਸੁਗੰਧ ਸੀ
ਗਾਧੀ ਤੇ ਬਹਿ ਝੂਟਣੇ ਦਾ ਆਪਣਾ ਅਨੰਦ ਸੀ
ਜਿਹੜਾ ਲੱਭਦਾ ਨੀ ਹੁਣ ਕਿਸੇ ਥਾਂ.....
ਖੁੱਲ੍ਹੇ ਅਸਮਾਨ ਹੇਠ ਡਾਹ ਕੇ ਮੰਜੇ ਬਾਣ ਦੇ
ਰਾਤ ਭਰ ਰਹਿਣਾ ਚੰਦ ਤਾਰੇ ਹੀ ਪਛਾਣਦੇ
ਹੈ ਆਕਾਸ਼ ਗੰਗਾ ਕਿੱਥੇ ਖਿੱਤੀਆਂ.....
ਦੌਰਾ ਨੀ ਸੀ ਪਿਆ ਹਾਲੇ ਟੀ.ਵੀ. ਦੀ ਬਿਮਾਰੀ ਦਾ
ਖੇਡਾਂ-ਕਸਰਤ ਵਿਚ ਸਮਾਂ ਸੀ ਗੁਜ਼ਾਰੀ ਦਾ
ਚੇਹਰੇ ਬੁੱਝੇ-ਬੁੱਝੇ ਨਹੀਂ ਸੀ ਖਾਹ ਮੁਖਾਹ.....
ਐਵੇਂ ਈ ਨੀ ਚੜ੍ਹਾ ਕੇ ਲੋਕੀਂ ਨੱਕ ਮੂੰਹ ਸੀ ਰੱਖਦੇ
ਖੁੱਲ੍ਹੇ-ਡੁੱਲ੍ਹੇ ਹੁੰਦੇ ਸੀ ਸੁਭਾਅ ਸੀ ਰਹਿੰਦੇ ਹੱਸਦੇ
ਭਟਕਦੇ ਨਹੀਂ ਸੀ ਐਵੇਂ ਥਾਂ-ਕੁਥਾਂਹ
ਖਾਲੀਪਣ ਜਏ 'ਚ 'ਅਵਤਾਰ' ਖੋਇਆ ਰਹਿੰਦਾ ਆਂ
ਨੀਂਦ 'ਚੋਂ ਅੱਭੜਵਾਹੇ ਉੱਠ-ਉੱਠ ਬਹਿੰਦਾ ਆਂ
ਯਾਦ ਜਦੋਂ ਵੀ ਆ ਜਾਏ ਤੇਰੀ ਤਾਂ.....

* ਹੋਟਲ ਜਨਪਥ ਹਾਈਵੇ, ਮਹਿਸਾਨਾ-ਗੁਜਰਾਤ।
ਫੋਨ : 09825047591

# ਗਲੋਬਲੀ ਮਨੁੱਖ

-ਅਜਾਇਬ ਕਮਲ*

ਦੇਖੋ
ਕੰਡਿਆਲੇ ਪ੍ਰਸ਼ਨਾ
ਕਾਲੀਆਂ ਮਨੁੱਖੀ ਸੋਚਾਂ ਨੇ
ਮਨੁੱਖੀ ਨਸਲ ਨੂੰ ਕੈਸਾ ਦੰਡ ਦਿੱਤਾ ਹੈ
ਸਿਆਸਤੀ ਗੁੜ੍ਹਤੀ ਨੇ
ਸੂਖਮ ਦਿਮਾਗ ਨੂੰ
ਲੋਹੇ ਵਾਂਗ ਕਿਵੇਂ ਚੰਡ ਦਿੱਤਾ ਹੈ
ਹੋਰ ਵਸਤਾਂ ਵਾਂਗ ਇਸਨੇ
ਹਮਨਸਲਾਂ ਦੇ ਮੱਥਿਆਂ 'ਤੇ ਵੀ
ਧਰਮਾਂ, ਨਸਲਾਂ, ਜਾਤਾਂ ਦੇ
ਠੱਪੇ ਲਾ ਦਿੱਤੇ
ਅਪਣੇ ਅਪਣੇ ਟ੍ਰੇਡ ਮਾਰਕਾਂ ਦੇ
ਰੰਗ ਬਰੰਗੇ ਲੇਬਲ ਚਿਪਕਾ ਦਿੱਤੇ
ਠੋਕਰ ਮਾਰ
ਅਸਲੇ ਨੂੰ ਪਛਾਨਣ ਵਾਲਾ ਸ਼ੀਸ਼ਾ ਤੋੜ
ਮਾਨਸ ਦੀ ਜਾਤ ਨੂੰ
ਅਜੇਹਾ ਦੰਡ ਦਿੱਤਾ
ਨਿਰਛਲ ਜਿਹੇ 'ਪ੍ਰਕਿਰਤਕ ਮਨੁੱਖ' ਨੂੰ
ਟੁਕੜਿਆਂ 'ਚ ਵੰਡ ਦਿੱਤਾ।
-o-
ਮੈਂ ਉਸ ਨੂੰ
ਸ਼ਹਿਰ ਜਾਣ ਲਈ ਕਿਹਾ
ਉਹ ਜੰਗਲ ਵੱਲ ਮੁੜ ਗਿਆ
ਮੈਂ ਕਿਹਾ : ਤੇਰਾ ਦਿਮਾਗ ਹਿੱਲਿਆ ਲਗਦਾ
ਸ਼ਹਿਰ 'ਚ ਹਜ਼ਾਰ ਰੌਣਕਾਂ ਰੌਸ਼ਨੀਆਂ ਨੇ
ਤੂੰ ਸ਼ਹਿਰ ਛੱਡ ਕੇ

ਅੰਨ੍ਹੇ ਵਾ ਜੰਗਲ ਵੱਲ ਦੌੜਾ ਜਾਂਦਾ
ਜੰਗਲ 'ਚ ਖੂੰਖਾਰ ਜਾਨਵਰ ਹੁੰਦੇ
ਹਸਦੇ ਖੇਲਦੇ ਮਰਦ ਔਰਤਾਂ ਨਹੀਂ
ਬੇਜਾਨ, ਬੇਜ਼ਬਾਨ ਰੁੱਖ ਹੁੰਦੇ
ਰੂਹ ਕੋਹ ਇਕਲਾਪਾ, ਉਦਾਸੀ, ਹੁੱਸੜਪਨ
ਚੁੱਪ ਤੇ ਸਨਾਟਾ ਹੁੰਦਾ।

ਉਹ ਬੋਲਿਆ : ਸ਼ਹਿਰ ਵੀ ਕੀ ਹੈ?
ਉੱਥੇ ਵੀ ਬੇਥਵ੍ਹੀ ਬੇਸਿਰੀ ਭੀੜ ਹੁੰਦੀ
ਸ਼ੋਰ, ਭਗਦੜ, ਅੰਨ੍ਹੀ ਹਿੰਸਾ ਹੁੰਦੀ
ਮੰਡੀਆਂ ਬਜ਼ਾਰਾਂ 'ਚ
ਬੰਦਿਆਂ ਦੀ ਨੀਲਾਮੀ ਹੁੰਦੀ।

ਉੱਥੇ ਸ਼ਹਿਰ ਵਾਲੀ ਭਟਕਣ
ਤੇ ਬੇਚੈਨੀ ਤਾਂ ਨਹੀਂ ਹੁੰਦੀ
ਰਸਾਇਣਕ ਪ੍ਰਦੂਸ਼ਣ ਨਹੀਂ ਹੁੰਦੀ
ਉਥੇ ਤਾਜ਼ਾ ਹਵਾ
ਪੱਤਿਆਂ ਦੀ ਸਰ ਸਰ
ਪੰਛੀਆਂ ਦੀ ਚੁਹਰ ਚੂਹ ਹੁੰਦੀ
ਰੁੱਖਾਂ ਦੀ ਹਰੀ ਭਾਸ਼ਾ 'ਚ ਲਿਖਿਆ
ਅਮਰਗੀਤ ਹੁੰਦਾ
ਮਨ ਦੀ ਭਟਕਣ ਨੂੰ ਠਾਰਨ ਲਈ
ਪ੍ਰਕਿਰਤੀ ਦਾ ਸ਼ਾਂਤ ਸੰਗੀਤ ਹੁੰਦਾ
ਉਸ ਦਾ ਉੱਤਰ ਸੁਣ ਕੇ
ਮੈਂ ਚੁੱਪ ਜਿਹਾ ਹੋ ਗਿਆ
ਉਸ ਵੱਲ ਵੇਖਦਾ
ਲਾਜਵਾਬ ਜਿਹਾ ਹੋ ਗਿਆ।
–o–
ਜਦੋਂ ਜੀਵਨ 'ਚੋਂ
ਨਾਇਕ ਦਾ ਸੰਕਲਪ ਗੁਆਚਿਆ
ਇੱਕੀਵੀਂ ਸਦੀ ਦਾ ਖਲਨਾਇਕ
ਮਹਾਂਬਲੀ ਬਣਿਆ ਦਿੱਸਦਾ ਹੈ।
–o–

ਦੇਖ ਲਓ ਗਲੋਬਲੀ ਯੁੱਗ
ਕੈਸੇ ਨਵੇਂ ਕਾਰੇ ਕਰਦਾ ਹੈ
ਬੱਚਿਆਂ ਦੇ ਸ੍ਰੇਸ਼ਟ ਵਿਦਿਆ ਨਾਲ ਨਹੀਂ
ਕੌਮਕਾਂ, ਕਾਰਟੂਨਾਂ
ਤੇ ਨੀਲੀਆਂ ਫਿਲਮਾਂ ਦੇਖਣ ਨਾਲ ਹੀ
ਢਿੱਡ ਭਰਦਾ ਹੈ।
–o–
ਗਲੋਬਲੀ ਤਣਾਅ ਨਾਲ
ਜ਼ਿਹਨ ਲੋਹ ਤਾਰਾਂ ਵਾਂਗ
ਤਣੀ ਜਾਂਦੇ
ਹਿੱਕਾਂ 'ਚ ਸੁਰਾਖ
ਚਿੰਤਾਵਾਂ ਨਾਲ ਸੀਨੇ ਛਣੀ ਜਾਂਦੇ
ਹਰ ਕੋਈ ਅਭਿਮੰਨਿਯੂ ਵਾਂਗ
ਰੁਜ਼ਗਾਰ ਦੇ ਚੱਕਰਵਿਊ 'ਚ ਫਸਿਆ ਦਿਸਦਾ
ਹੁਣ ਤਾਂ ਘਰ ਤੇ ਦਫ਼ਤਰ ਵੀ
ਬਜ਼ਾਰ ਬਣੀ ਜਾਂਦੇ।
–o–
ਦੇਖ ਲਓ ਗਲੋਬਲ ਯੁੱਗ ਨੇ
ਮਾਨਵੀ ਹੋਣੀ ਸਾਹਵੇਂ
ਕਿੰਨੇ ਕੰਡਿਆਲੇ ਪ੍ਰਸ਼ਨ ਖੜ੍ਹੇ ਕਰ ਦਿੱਤੇ
ਖਪਤ ਕਲਚਰ ਨੇ
ਕਿੰਨੇ ਨਵੇਂ ਮਸਲੇ
ਸੋਚਣ ਲਈ ਸਾਹਵੇਂ ਧਰ ਦਿੱਤੇ
ਕਿਵੇਂ ਭੁੱਖੇ ਪੇਟ ਰੋਟੀ ਥਾਂ
ਟੀ.ਵੀ. ਸਕ੍ਰੀਨ ਤੇ ਦੌੜਦੇ
ਇਸ਼ਤਿਹਾਰਾਂ ਨਾਲ ਭਰ ਦਿੱਤੇ
ਵਿਸ਼ਵੀਕਰਨ ਦੇ ਮਾਯਾ ਜਾਲ ਨੇ
ਅਪਣੇ ਨਵੇਂ ਜਾਦੂ ਨਾਲ
ਕਿਵੇਂ ਚੰਗੇ ਭਲੇ ਮਨੁੱਖ
ਅੰਨ੍ਹੇ, ਗੁੰਗੇ, ਬੋਲੇ ਕਰ ਦਿੱਤੇ
–o–
ਗਲੋਬਲੀ ਮਨੁੱਖ
ਕੰਪਿਊਟਰੀ ਪਿੰਜਰੇ 'ਚ ਫਸਿਆ

ਪਾਗਲਾਂ ਵਾਂਗ
ਅਜੀਬ ਹਰਕਤਾਂ ਕਰਦਾ ਦਿਸਦਾ
ਭੁੱਖੇ ਚੂਹੇ ਵਾਂਗ ਹੜਬੂੰ ਹੜਬੂੰ ਕਰਦਾ
ਆਸੇ ਪਾਸੇ ਭਟਕਦਾ
ਸ਼ੀਸ਼ੇ ਦੀਆਂ ਕੰਧਾਂ ਨਾਲ
ਸਿਰ ਪਟਕਦਾ ਦਿਸਦਾ

ਇਹ ਮੂੰਹੋਂ ਤਾਂ
ਨਾਨਕ ਤੇ ਕ੍ਰਿਸ਼ਨ ਦੇ ਮਹਾਂਵਾਕ ਰਟਦਾ
ਪਰ ਦਿਸਦਾ
ਮਸ਼ੀਨ ਵਾਂਗ ਚਲਦੇ ਦਿਲ 'ਚ ਬੈਠਾ
ਕੁਬੇਰ ਦੇਵਤਾ
ਹੜਬੂੰ ਹੜਬੂੰ ਕਰਦਾ
ਪਾਗਲ ਘੋੜੇ ਵਾਂਗ ਦੁੜੰਗੇ ਮਾਰਦਾ
ਦੌੜਾ ਫਿਰਦਾ ਦਿਸਦਾ
-o-
ਸਰਫ਼ਰੋਸ਼ਾਂ ਦੇ ਕਲਬੂਤਾਂ 'ਚ ਨਵੇਂ ਸਾਹ ਪਾ
ਨਵੀਂ ਤੇ ਨਿਡਰ ਆਤਮਾ ਭਰ ਦਿੱਤੀ
ਇਸ ਤਰ੍ਹਾਂ ਮਰਜੀਊੜਿਆਂ 'ਚ
ਨਵੀਂ ਸ਼ਕਤੀ ਪਾ
ਜਰਵਾਣਿਆਂ ਦੇ ਪੈਰਾਂ ਹੇਠ ਲਿਤੜੀ ਮੁਰਦਾ ਕੌਮ
ਜਬਰ ਨਾਲ ਲੋਹਾ ਲੈਣ ਲਈ
ਮੁੜਕੇ ਜੀਵਤ ਕਰ ਦਿੱਤੀ।

* ਪਿੰਡ ਡਾਂਡੀਆਂ, ਡਾ: ਬੱਡੋਂ,
ਜ਼ਿਲ੍ਹਾ ਹੁਸ਼ਿਆਰਪੁਰ।
ਫੋਨ : 01884-254120

# ਧਰਤੀ ਦਿਵਸ ਤੇ

**-ਸੰਤੋਖ ਸਿੰਘ 'ਗੁਰਾਇਆ' (ਟੌਂਗ)***

ਅੰਨ ਦੀ ਜਾਈ ਮਾਂ ਧਰਤੀ ਨੂੰ, ਪੱਥਰਾਂ ਹੇਠ ਛੁਪਾਉ ਨਾ।
ਪੈਸੇ ਵਾਲਿਓ ਕੱਟ ਕਲੋਨੀਆਂ, ਲੋਕਾਂ ਨੂੰ ਭਰਮਾਉ ਨਾ।

ਮੁੱਖ ਦੁਆਰ ਦੀ ਚਮਕ ਬਣਾ ਕੇ, ਸੁਪਨਾ ਦਿੰਦੇ ਕੋਠੀ ਦਾ,
ਸ਼ਹਿਰ ਵਿੱਚ ਜਾ ਵੱਸਣ ਖਾਤਰ, ਪਿੰਡਾਂ 'ਚੋਂ ਘਰ ਢਾਉ ਨਾ।

ਮਾਂ ਦੀ ਸੇਵਾ, ਬਾਪ ਨੂੰ ਮੋਢਾ, ਦੇਣ ਦੀ ਤੈਨੂੰ ਵਿਹਲ ਨਹੀਂ,
ਟਾਇਲਾਂ ਵਾਲਾ ਗੇਟ ਬਣਾ ਕੇ, ਫੋਕੀ ਟੌਹਰ ਬਣਾਉ ਨਾ।

ਬਚਪਨ ਵਿੱਚ ਜਿਥੇ ਸੀ ਖੇਡੇ, ਉਹ ਘਰ ਮਾਂ ਦੀ ਗੋਦ ਜਿਹਾ,
ਵੱਡੀ ਕੋਠੀ ਦਾ ਲੈ ਕੇ ਸੁਪਨਾ, ਘਰ ਦੀ ਹੋਂਦ ਮਿਟਾਉ ਨਾ।

ਇੱਥੇ ਕਿਹੜਾ ਦਰਦ ਵੰਡਾਵੇ, ਸਭ ਆਪੇ ਵਿੱਚ ਸਿਮਟ ਗਏ,
ਭਾਈ ਹੀ ਭਾਈ ਦੀਆਂ ਬਾਹਵਾਂ, ਭਾਈ ਛੱਡ ਕੇ ਜਾਉ ਨਾ।

ਨਕਲੀ ਬਾਗ ਬਗੀਚੇ ਇੱਥੇ, ਨਕਲੀ ਕੋਇਲਾਂ ਕੂਕਦੀਆਂ,
ਹੈਲੋ ਹੈਲੋ ਹਾਏ ਪਾਪਾ, ਬੱਚਿਆਂ ਤਾਈਂ ਸਿਖਾਉ ਨਾ।

ਰੁੱਖਾਂ ਦੇ ਨਾਲ ਜੀਵਨ ਸਾਡਾ, ਰੁੱਖ 'ਗੁਰਾਇਆ' ਲਾਈਏ,
ਅਖਬਾਰਾਂ ਵਿੱਚ ਫੋਟੋ ਦੇ ਕੇ, 'ਧਰਤੀ-ਦਿਵਸ' ਮਨਾਉ ਨਾ।

*ਸੀਨੀਅਰ ਮੀਤ ਪ੍ਰਧਾਨ,
ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ।
ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਪਬਲਿਕ ਸਕੂਲ,
ਰਈਆ-ਮੰਡੀ।
01853-221805

# ਪਿੰਡ ਦਾ ਕਰਜ਼

-ਸੁਰਿੰਦਰ ਮਕਸੂਦਪੁਰੀ*

ਪਿੰਡ ਤੋਂ ਹਿਜਰਤ ਕਰਕੇ
ਸ਼ਹਿਰ ਵੱਲ ਆਇਆ ਹਾਂ
ਦਿਲ ਦਾ ਇਕ ਟੁਕੜਾ
ਉਥੇ ਧਰ ਆਇਆ ਹਾਂ
ਜੋ ਤੜਪਦਾ ਹੈ ਮੁਲਾਕਾਤਾਂ ਨੂੰ
ਤਾਂਘਦਾ ਹੈ ਵਸਲੀ ਪਰਭਾਤਾਂ ਨੂੰ
ਸ਼ਹਿਰ ਤੋਂ ਬੁਲਾਉਂਦਾ ਹੈ ਮੈਨੂੰ
ਉਹ ਭੇਜ ਕੇ ਪਿੰਡ ਵਲੋਂ
ਸੰਦਲੀ ਪੌਣਾਂ ਦਾ ਮਹਿਕਦਾ ਬੁੱਲਾ
ਬੁੱਲਾ ਕਿ ਜਿਸ ਵਿੱਚ
ਠੰਢ ਹੈ - ਠਾਰ ਹੈ
ਮੁਹੱਬਤ ਹੈ-ਪਿਆਰ ਹੈ
ਬੁੱਲਾ ਕਿ ਜਿਸ ਦੀ ਅਦਿੱਖ ਹੋਂਦ ਤੋਂ
ਮਹਿਸੂਸਦਾ ਹਾਂ
ਪਿੰਡ ਦੀ ਮਹਿਕਾਂ ਵੰਡਦੀ ਰਹਿਤਲ
ਅਤੇ ਮੁਹੱਬਤੀ ਮਿੱਟੀ ਦੇ ਸਿਰਨਾਵੇਂ
ਪਿਆਰੇ ਨਿੱਘ ਵੰਡਦੇ ਪਰਛਾਵੇਂ
ਤੇ ਫਿਰ ਪਿੰਡ ਵਾਲਾ ਘਰ ਮੈਨੂੰ
ਆਪਣਾ ਅਸਲੀ ਘਰ ਲੱਗਦਾ ਹੈ
ਤੇ ਸ਼ਹਿਰ ਵਾਲਾ ਕੋਠੀਨੁਮਾ ਘਰ
ਭਾਸਦਾ ਹੈ ਮਹਿਜ਼ ਇੱਟਾਂ-ਪੱਥਰਾਂ ਦਾ ਮਕਾਨ
ਕਾਸ਼! ਇਹ ਮਿਟ ਜਾਵਣ
ਘਰਾਂ ਵਿਚਲੇ ਫਰਕ
ਪਿਆਰਾਂ ਵਿਚਲੇ ਫਾਸਲੇ
ਤੇ ਉਤਾਰ ਦੇਵਾਂ ਮੈਂ
ਸਾਰੇ ਦਾ ਸਾਰਾ
ਪਿੰਡ ਦੇ ਪਿਆਰ ਦਾ ਕਰਜ਼
ਪਿੰਡ ਦੇ ਸਤਿਕਾਰ ਦਾ ਫਰਜ਼।

*234 ਸੁਦਰਸ਼ਨ ਪਾਰਕ ਮਕਸੂਦਾਂ, ਜਲੰਧਰ।

# ਅਰਦਾਸ

-ਸੁਰਜੀਤ ਪਾਤਰ*

ਰਾਮ ਦੁਲਾਰੀ ਸਾਡੇ ਘਰ ਵਿੱਚ ਝਾੜੂ ਪੋਚਾ ਲਾਵੇ
ਊਸ਼ਾ ਰਾਣੀ ਕੱਪੜੇ ਧੋਵਣ ਆਵੇ

ਰਾਮ ਦੁਲਾਰੀ ਸਦਾਨੰਦ ਦੀ ਬੇਟੀ
ਊਸ਼ਾ ਰਾਣੀ ਰਾਮ ਲਖਨ ਦੀ ਬੀਵੀ

ਸਦਾਨੰਦ ਨੇ ਸਾਡੇ ਘਰ ਦੀਆਂ ਕੰਧਾਂ ਚਿਣੀਆਂ
ਲੈਂਟਰ ਪਾਇਆ
ਰਾਮ ਲਖਨ ਨੇ ਫਰਸ਼ਾਂ ਪਾਈਆਂ
ਬਿਰਜੂ, ਰਾਮ ਖਿਲਾਵਨ, ਅੰਗਨੂ, ਦੇਵਕੀਨੰਦਨ
ਇੱਟਾਂ ਢੋਈਆਂ
ਰੇਤਾ ਤੇ ਸੀਮਿੰਟ ਰਲਾਇਆ

ਇਹ ਸੀਮਿੰਟ ਜੋ ਛੋਟੇ ਭਾਈ ਦੇਸਾ ਸਹੁੰ ਦੇ
ਕੈਨੇਡਾ ਤੋਂ ਘੱਲੇ ਪੈਸਿਆਂ ਨਾਲ ਸੀ ਬੁੱਕ ਕਰਾਇਆ
ਪਿਆ ਪਿਆ ਹੀ ਪੱਥਰ ਹੋ ਜਾਣਾ ਸੀ

ਰਾਜ ਮਿਸਤਰੀ ਤੇਜਾ ਸਿੰਘ ਤਾਂ
ਬੱਸ ਡੀ. ਪੀ. ਸੀ. ਪਾ ਕੇ ਮਸਕਟ ਚਲਾ ਗਿਆ ਸੀ
ਰੁਲੀਆ ਸਿੰਘ ਮਜ਼ਦੂਰ ਵੀ ਇੱਕ ਦਿਨ ਆਇਆ
ਫਿਰ ਨਾ ਆਇਆ
ਕਹਿੰਦੇ ਉਸ ਨੇ ਆਟੋ ਪਾਇਆ

ਸੋਨੂੰ ਤੇ ਮੋਨੂੰ ਨੂੰ ਰਿਕਸ਼ੇ ਵਿੱਚ ਬਿਠਾ ਕੇ
ਰਾਮ ਭਰੋਸੇ ਰੋਜ਼ ਸਕੂਲ ਲਿਜਾਂਦਾ

ਅਤੇ ਬਥੇਰੇ ਹੋਰ
ਜਿਨ੍ਹਾਂ ਦੇ ਨਾਮ ਨ ਜਾਣਾਂ

ਫੈਕਟਰੀਆਂ ਵਿੱਚ ਕੰਮ ਕਰਦੇ ਨੇ
ਪੈਲੀਆਂ ਵਿੱਚ
ਪਨੀਰੀ ਲਾਉਂਦੇ
ਜ਼ੀਰੀ ਲਾਉਂਦੇ
ਫਸਲਾਂ ਵੱਢਦੇ
ਇਹ ਡਾਰਾਂ ਦੀਆਂ ਡਾਰਾਂ
ਕਦੀ ਕਦੀ ਤਾਂ ਡਰ ਲਗਦਾ ਹੈ
ਕਿੱਧਰ ਉਡਦੀਆਂ ਜਾਂਦੀਆਂ ਨੇ ਦਸਤਾਰਾਂ

ਕਦੀ ਕਦੀ ਚੰਗਾ ਵੀ ਲੱਗਦਾ
ਦੇਸ਼ ਦੇਸ਼ਾਂਤਰ ਜਿੱਥੇ ਜਾਵੋ
ਦਿਸ ਹੀ ਪੈਂਦੀਆਂ ਨੇ ਦਸਤਾਰਾਂ
ਸੱਤ ਸਮੁੰਦਰ ਪਾਰ ਵੀ ਝੂਲਣ ਝੰਡੇ
ਲਿਸ਼ਕਣ ਖੰਡੇ
ਰਿੱਝਣ ਦੇਗਾਂ
ਪੱਕਣ ਮੰਡੇ

ਸੱਤ ਸਮੁੰਦਰੋਂ ਏਧਰ
ਸਾਡੀ ਨਵੀਂ ਵਸੀ ਆਬਾਦੀ
ਸ਼ਾਮ ਪਈ ਭਈਆਂ ਦੇ ਬੱਚੇ
ਸਿਰ ਤੇ ਫਟੇ ਪਰੋਲੇ ਧਰ ਕੇ
ਗੁਰਦੁਆਰੇ ਵਿੱਚ ਆ ਬਹਿੰਦੇ ਨੇ
ਨਾਲ ਨਾਲ ਪੜ੍ਹਦੇ ਨੇ ਬਾਣੀ
'ਸਤਿਗੁਰ ਸੱਜਣ ਮਿਲਿਆ
ਨਾਨਕ ਨਾਮ ਮਿਲੇ ਤਾਂ ਜੀਵਾਂ
ਤਨ ਮਨ ਥੀਵੇ ਹਰਿਆ'

ਬੱਸ ਹੁਣ ਹੋਣੀ ਏਂ ਅਰਦਾਸ
ਨਵੇਂ ਆਏ ਨੂੰ ਕਹਿੰਦਾ
ਇਕ ਪਹਿਲਾਂ ਦਾ ਆਇਆ ਬੱਚਾ
ਪਿੱਛੇ ਪਿੱਛੇ ਆਖੀਂ
'ਬੋਲੇ ਸੋ ਨਿਹਾਲ
ਸਤਿ ਸ੍ਰੀ ਅਕਾਲ'

ਫਿਰ ਮਿਲਣਾ ਪਰਸ਼ਾਦ
ਆਉਂਦੀ ਏ ਖ਼ੁਸ਼ਬੋ।'

ਹੁੰਦੀ ਏ ਅਰਦਾਸ
'ਖੁਆਰ ਹੋਏ ਸਭ ਮਿਲਹਿੰਗੇ
ਬਚੇ ਸ਼ਰਨ ਜੋ ਹੋਇ'

ਖੁਆਰ ਹੋਇਆਂ ਤੇ ਸ਼ਰਨ ਪਿਆਂ ਦੇ ਬੱਚੇ
ਕਰਦੇ ਨੇ ਅਰਦਾਸ

ਫਿਰ ਵੀ ਮੈਨੂੰ ਡਰ ਲੱਗਦਾ ਹੈ
ਪਤਾ ਨਹੀਂ ਇਹ ਕਿਹੋ ਜਿਹੇ ਨਿਕਲਣਗੇ
ਵੱਡੇ ਹੋ ਕੇ
ਬਹੁਤੇ ਹੋ ਕੇ

ਅਪਣੇ ਡਰ ਤੋਂ ਡਰ ਕੇ
ਸ਼ਰਮਸਾਰ ਹੋ
ਕਰਦਾ ਹਾਂ ਅਰਦਾਸ :

ਜੋ ਜਿਸ ਧਰਤੀ ਜੰਮੇ ਜਾਏ
ਉਸ ਨੂੰ ਓਥੇ ਈ ਰਿਜ਼ਕ ਥਿਆਏ
ਇਹ ਕਿਉਂ ਕਿਸੇ ਦੇ ਹਿੱਸੇ ਆਏ
ਬੈਸਣ ਬਾਰ ਪਰਾਏ
ਜਿੱਥੇ ਲੋਕੀਂ ਆਖਣ ਸਾਨੂੰ
ਇਹ ਕਿੱਥੋਂ ਦੇ ਜੰਮੇ ਜਾਏ
ਮੈਲ ਕੁਚੈਲੇ ਕਾਲੇ ਪੀਲੇ ਭੂਰੇ ਪਾਕੀ
ਏਥੇ ਆਏ

ਜਾਂ ਫਿਰ ਸਾਰੀ ਧਰਤੀ ਇੱਕ ਹੋ ਜਾਏ
ਕੋਈ ਨ ਕਹੇ ਪਰਾਏ
ਇਹ ਮੇਰੀ ਅਰਦਾਸ
'ਨਾਨਕ ਨਾਮ ਚੜ੍ਹਦੀ ਕਲਾ
ਤੇਰੇ ਭਾਣੇ ਸਰਬੱਤ ਦਾ ਭਲਾ।'

* ਲੁਧਿਆਣਾ।

# ਸਭ ਤੋਂ ਵੱਡਾ ਖਤਰਾ

-ਸੁਰਜੀਤ ਸਾਜਨ*

ਮਾਨਵਤਾ ਨੂੰ ਖਤਰਾ ਕਿਤੇ ਘਿਨਾਉਣੀਆਂ ਜੰਗਾਂ ਦਾ
ਜਾਂ ਫਿਰ ਨਿੱਤ ਦਿਹਾੜੇ ਵਧਦੀਆਂ ਹੋਈਆਂ ਮੰਗਾਂ ਦਾ
ਹਰ ਇਕ ਜੀਵਨ ਹਿੱਸਾ ਬਣਿਆ ਦਰਦ ਕਹਾਣੀ ਦਾ
ਸਭ ਤੋਂ ਵੱਡਾ ਖਤਰਾ ਹੈ ਪ੍ਰਦੂਸ਼ਿਤ ਪਾਣੀ ਦਾ

ਪੌਣ ਪਾਣੀ ਵਿੱਚ ਜ਼ਹਿਰਾਂ ਕੀੜੇ ਮਾਰ ਦਵਾਈਆਂ ਤੋਂ
ਵਕਤ ਦੀਆਂ ਗਊਆਂ ਨਾ ਬਚਦੀਆਂ ਦਿਸਣ ਕਸਾਈਆਂ ਤੋਂ
ਉਲਟਾ ਇਸਤੇਮਾਲ ਹੋ ਰਿਹਾ ਅਕਲ ਨਿਮਾਣੀ ਦਾ
ਸਭ ਤੋਂ ਵੱਡਾ ਖਤਰਾ....

ਜਿਸ ਪਾਣੀ ਨੂੰ ਪਿਤਾ ਕਿਹਾ ਸੀ ਗੁਰੂਆਂ ਪੀਰਾਂ ਨੇ
ਖੁਦਗਰਜ਼ਾਂ ਨੇ ਇਸਦੀਆਂ ਰੋਲਤੀਆਂ ਤਕਦੀਰਾਂ ਨੇ
ਫਿਰ ਕਾਹਦਾ ਸਤਿਕਾਰ ਰਿਹਾ ਗੁਰੂਆਂ ਦੀ ਬਾਣੀ ਦਾ
ਸਭ ਤੋਂ ਵੱਡਾ ਖਤਰਾ.....

ਸ਼ੁੱਧ ਆਬ ਹੀ ਦਿੰਦਾ ਜੀਵਨ ਦਾਨ ਮਨੁੱਖਤਾ ਨੂੰ
ਪ੍ਰਦੂਸ਼ਣ ਕਰ ਦੇਵੇਗਾ ਵੀਰਾਨ ਮਨੁੱਖਤਾ ਨੂੰ
ਹਾਲੇ ਬਹੁਤਾ ਫਿਕਰ ਨੀਂ ਬਣਿਆ ਹਾਕਮ ਢਾਣੀ ਦਾ
ਸਭ ਤੋਂ ਵੱਡਾ ਖਤਰਾ.....

ਨਿਰਮਲ ਜਲ ਵਿੱਚ ਗੰਦਗੀ ਅੰਨ੍ਹੇਵਾਹ ਰਲਾ ਦਿੱਤੀ
ਪਾਣੀ ਦੀ ਦੁਰਵਰਤੋਂ ਵਾਲੀ ਹੱਦ ਮੁਕਾ ਦਿੱਤੀ
ਹੱਲ ਕੋਈ ਨਾ ਦਿਸਦਾ 'ਸਾਜਨ' ਵਿਗੜੀ ਤਾਣੀ ਦਾ
ਸਭ ਤੋਂ ਵੱਡਾ ਖਤਰਾ....

*ਪੱਤੜ ਕਲਾਂ, ਜਲੰਧਰ-144806
98149-04060

# ਬਦਲਦੇ ਨਕਸ਼

-ਸਤਿਪਾਲ ਸਿੰਘ ਡੁਲਕੂ*

ਨਕਸ਼ ਬਦਲੇ ਨੇ
ਸਾਡੇ ਗਰਾਂ ਦੇ।
ਅਫ਼ਸਾਨੇ ਬਣੇ ਨੇ
ਉੱਜੜੇ ਘਰਾਂ ਦੇ।

ਤੀਆਂ, ਗਿੱਧੇ, ਭੰਗੜੇ
ਛਿੰਜਾਂ ਦੇ ਮੇਲੇ।
ਅਖਾੜੇ ਨਾ ਲਗਦੇ
ਹੁਣ ਬਾਜ਼ੀਗਰਾਂ ਦੇ।

ਪਿੰਡਾਂ ਦੀ ਜਵਾਨੀ
ਪਰਦੇਸਾਂ 'ਚ ਰੁਲਦੀ।
ਅਣਖ਼ ਦਮ ਤੋੜੇ
ਬੇਗ਼ਾਨੇ ਦਰਾਂ ਤੇ।

ਮਨੁੱਖ ਨੂੰ ਮਨੁੱਖ ਤੇ
ਭਰੋਸਾ ਨਹੀਂ ਹੈ।
ਖੜਕਾਂਦਾ ਹੈ ਜਾ ਕੇ
ਟੱਲ ਮੰਦਰਾਂ ਦੇ।

ਦਾਨੇ ਤੇ ਵਿਦਵਾਨ
ਨੇਕ-ਦਿਲ ਇਨਸਾਨ।
ਜ਼ੁਲਮ ਨਿੱਤ ਝੱਲਦੇ
ਬੇਈਮਾਨ ਜਾਬਰਾਂ ਦੇ।

ਉਲੀਕੇ ਜਿਹਨਾਂ ਸੰਗ
ਸੀ ਜ਼ਿੰਦਗੀ ਦੇ ਸੁਪਨੇ।
ਬਦਲ ਗਏ ਅੰਦਾਜ਼ ਹੀ
ਉਹਨਾਂ ਨਜ਼ਰਾਂ ਦੇ।

ਟੁਰ ਗਏ ਉਹ ਵੀ
ਅੱਧਵਾਟੇ ਹੀ ਛੱਡ ਕੇ।
ਕਹਿੰਦੇ ਸੀ ਜਿਹੜੇ
ਨਾਲ ਤੇਰੇ ਮਰਾਂ ਗੇ।

ਕੇਡਾ ਜਨੂੰਨ ਹੈ
ਇਹ ਵਤਨ ਪ੍ਰਸਤੀ
ਖਹਿੜਾ ਨਾ ਛੱਡੇ
ਪਾਰ ਸਮੁੰਦਰਾਂ ਦੇ।

ਮੁੱਦਤ ਹੋਈ ਜਿਸ
ਧਰਤੀ ਨੂੰ ਛੱਡਿਆ।
ਛੱਡਦੇ ਨਹੀਂ ਸੁਪਨੇ
ਉਹਨਾਂ ਗਲੀਆਂ ਦੇ।

* ਨੌਰਾ-ਨਵਾਂਸ਼ਹਿਰ
ਨੁਨਿੰਟਨ ਸ਼ਹਿਰ-ਯੂ.ਕੇ।

# ਪਰਿਵਰਤਨ

-ਸੂਰੀਆ ਕਾਂਤ ਵਰੈਸਾ*

ਦੋ ਦਹਾਕੇ ਬਾਅਦ ਉਹ ਵਤਨ ਸੀ ਆਇਆ,
ਮਸਾਂ ਉਸਨੂੰ ਆਪਣਾ ਸੀ ਪਿੰਡ ਥਿਆਇਆ।
ਪਿੰਡ ਵੜਦੇ ਸਾਰ ਉਸ ਪਿਆ ਭੁਲੇਖਾ,
ਉੱਜੜ ਗਏ ਸਭ ਖੇਤ ਖ਼ਲਾਨ, ਵੇਖਿਆ ਦ੍ਰਿਸ਼ ਅਨੋਖਾ।
'ਰਾਮ ਏਨ ਕਲੇਵ' ਦਾ ਪੜ੍ਹ ਬੋਰਡ ਮੱਥੇ ਹੱਥ ਮਾਰਿਆ,
ਬੱਲੇ ਓਏ ਮੇਰੇ 'ਰਾਮਪੁਰਾ' ਕੀ ਰੂਪ ਧਾਰਿਆ।
ਆਪਣਾ ਕੋਈ 'ਬੰਦਾ' ਉਸਨੂੰ ਨਜ਼ਰੀਂ ਨਾ ਆਏ,
ਨਾ ਦਿੱਸਣ ਉਹ ਤ੍ਰਿੰਜਣ ਨਾ ਸੱਥ ਥਿਆਏ।
ਫਸਲਾਂ ਦੀ ਥਾਂ ਪੱਥਰ-ਇੱਟਾਂ ਦੇ ਢੇਰ ਮੁਸਕਾਉਣ,
ਪਰਬਤੋਂ ਉੱਚੇ 'ਫਲੈਟ' ਉਸਨੂੰ ਮੂੰਹ ਚਿੜਾਉਣ।
ਆਇਆ ਸੀ ਵਲਾਇਤੋਂ ਬਈ ਪਿੰਡ ਰਹਾਂਗਾ,
ਗੀਤ ਸੁਣਾਂਗਾ ਪੰਛੀਆਂ ਦੇ ਤੇ ਗੱਲਾਂ ਕਰਾਂਗਾ।
ਮਿੱਟੀ-ਗਾਰੇ ਦੀ ਖੁਸ਼ਬੂ 'ਚ ਮਸਤ ਰਹਾਂਗਾ,
ਖੁੰਢ ਤੇ ਬੈਠੇ ਹਾਣੀਆਂ ਦੀ ਬਾਤ ਸੁਣਾਂਗਾ।
ਨਾ ਬੋਹੜ ਦੀ ਠੰਡੀ ਛਾਂ ਤੇ ਨਾ ਡੰਗਰ-ਬੱਛਾ ਥਿਆਏ,
ਤੂਤਾਂ ਵਾਲਾ 'ਬਾਈ' ਦਾ ਖੂਹ ਵੀ ਕਿਤੇ ਨਜ਼ਰੀ ਨਾ ਆਏ।
ਆ ਬਾਈ ਬੈਠ 'ਬੀਤਿਆ' ਕੰਨ ਸੁਣਨ ਨੂੰ ਤਰਸਣ,
ਵੇਖ ਦ੍ਰਿਸ਼ ਅਨੋਖਾ ਨੈਣੋਂ ਅੱਥਰੂ ਵਰਸਣ।
ਦਿਲ ਸ਼ੀਸ਼ੇ ਵਾਂਗ ਟੁੱਟਿਆ ਕਿਵੇਂ ਧੀਰਜ ਬੰਨ੍ਹਾਂ,
ਨਾ ਸਾਗ ਮੱਕੀ ਦੀ ਰੋਟੀ ਨਾ ਲੱਸੀ ਦਾ ਛੰਨ੍ਹਾ।
ਦੁੱਖ-ਸੁੱਖ ਦੀ ਸਾਂਝ ਕਿਤੇ ਨਜ਼ਰੀਂ ਨਾ ਆਏ,
ਇਹ ਕੀ ਭਾਣਾ ਵਰਤਿਆ ਮਨ ਧੁੱਖੀ ਜਾਏ।
ਸਿਰ ਫੜ ਬੈਠ ਗਿਆ ਉਹ ਪਾਰਕ ਵਿਚਕਾਰ,
ਟੁੱਟ ਗਏ ਸਭ ਸੁਫ਼ਨੇ ਉੱਡ ਗਿਆ ਪਿਆਰ।
ਉੱਚੀ ਉੱਚੀ ਰੋ ਰਿਹਾ ਸੀ ਉਸਦਾ ਮਨ-ਮੰਦਰ,
ਮੈਨੂੰ ਮੇਰਾ ਪਿੰਡ ਮੋੜ ਦਿਓ ਮੈਂ ਰਹਿਣਾ ਪਿੰਡ ਅੰਦਰ,
ਨਹੀਂ ਤਾਂ ਮੈਨੂੰ ਵੀ ਜੜ੍ਹ ਦਿਓ ਇਨ੍ਹਾਂ ਗੂੰਗੇ ਪੱਥਰਾਂ ਦੇ ਅੰਦਰ।
ਮੈਨੂੰ ਮੇਰਾ ਪਿੰਡ.....।

* ਪ੍ਰਿੰਸੀਪਲ ਡਾਇਰੈਕਟਰ, ਡੀ.ਏ.ਵੀ. ਸਕੂਲ, ਸਮਰਾਲਾ।

# ਔਰਤ

-ਸੁੱਚਾ ਸਿੰਘ ਬਾਜਵਾ*

ਬੀਬੀ ਰਾਣੀ ਮੈਂ ਕਰਾਂ ਕੀ ਸਿਫਤ ਤੇਰੀ
ਮਾਂ ਭੈਣ ਤੇ ਕਿਧਰੇ ਤਾਈ ਐਂ ਤੂੰ
ਹਰ ਰੂਪ ਦੇ ਵਿੱਚ ਪਿਆਰ ਵੰਡੇਂ
ਭੂਆ ਮਾਮੀ ਤੇ ਕਿਧਰੇ ਭਰਜਾਈ ਐਂ ਤੂੰ
ਆਪਣੇ ਵੀਰਾਂ ਦੀ ਸਦਾ ਤੂੰ ਖੈਰ ਮੰਗੇਂ
ਸੋਹਣੇ ਬਾਪ ਦੀ ਧੀ ਧਿਆਣੀ ਏਂ ਤੂੰ
ਮਹਿਬੂਬਾ ਬਣ ਕੇ ਵਾਲਾਂ ਵਿੱਚ ਹੱਥ ਫੇਰੇਂ
ਮੈਦਾਨੇ ਜੰਗ ਵਿੱਚ ਝਾਂਸੀ ਦੀ ਰਾਣੀ ਐਂ ਤੂੰ
ਆਪਣੇ ਦੁਸ਼ਮਣਾਂ ਨੂੰ ਵੀ ਤੂੰ ਮੁਆਫ਼ ਕਰਦੀ
ਵਿੱਚ ਇਤਿਹਾਸ ਦੇ ਤੇਰੀ ਸ਼ਾਨ ਉੱਚੀ
ਤੂੰ ਉਨ੍ਹਾਂ ਦੇ ਸਿਰ ਦਾ ਤਾਜ ਬਣ ਗਈ
ਜਿਹੜੇ ਪੈਰ ਦੀ ਤੈਨੂੰ ਕਹਿਣ ਜੁੱਤੀ
ਘੁੰਡ ਵਾਲੀਏ ਅੱਜ ਤੂੰ ਜੱਜ ਬਣ ਕੇ
ਕਾਨੂੰਨ ਮਰਦਾਂ ਨੂੰ ਪਈ ਸਮਝਾਉਨੀ ਐਂ ਤੂੰ
ਵਿੱਚ ਰਸੋਈ ਦੇ ਲਜ਼ੀਜ਼ ਬਣਾਏਂ ਖਾਣੇ
ਅਸਮਾਨੇ ਜੰਗੀ ਜਹਾਜ ਦੀਆਂ ਬਾਜ਼ੀਆਂ ਪਵਾਉਨੀ ਐਂ ਤੂੰ
ਤੂੰ ਆਪਣੇ ਸਿਦਕ ਦੇ ਉੱਤੇ ਚਟਾਨ ਬਣਜੇਂ
ਲੋਭ ਤਾਕਤ ਨਾ ਭਰਮਾਏ ਤੈਨੂੰ
ਜਿਨ੍ਹਾਂ ਤਲਵਾਰ ਨਾਲ ਦੁਨੀਆਂ ਫਤਹਿ ਕੀਤੀ
ਗੋਡੇ ਟੇਕ ਕੇ ਫੁੱਲ ਫੜਾਏ ਤੈਨੂੰ
ਮਾਂ ਭੈਣ ਤੇ ਬੀਵੀ ਤੇਰੀ ਕਰਨ ਸੇਵਾ
ਅਹਿਸਾਨ ਉਨ੍ਹਾਂ ਦਾ ਦਿਲੋਂ ਵਿਸਾਰ ਦੇਨੈਂ
ਜਿਸ ਔਰਤ ਨੇ ਤੈਨੂੰ ਜਨਮ ਦਿੱਤਾ
ਤੂੰ ਉਹਨੂੰ ਜੰਮਣ ਤੋਂ ਪਹਿਲਾਂ ਮਾਰ ਦੇਨੈਂ
ਤੂੰ ਗ੍ਰਹਿਸਤ ਦੀ ਬੇੜੀ 'ਚ ਸਵਾਰ ਹੋ ਕੇ
ਬੇੜੀ ਆਪੇ ਹੀ ਖੂਹ ਵਿੱਚ ਸੁੱਟ ਦੇਨੈਂ
ਤੂੰ ਗੁਆਂਢਣ ਦੇ ਵਾਲਾਂ ਵਿੱਚ ਫੁੱਲ ਟੰਗੇਂ

ਵਾਲ ਆਪਣੀ ਬੀਵੀ ਦੇ ਪੁੱਟ ਦੇਨੈਂ
ਮਰਦ ਹੋਣ ਦਾ ਫੋਕਾ ਘਮੰਡ ਛੱਡੋ
ਆਪਣੀਆਂ ਬੀਵੀਆਂ ਦੇ ਅੱਜ ਤੋਂ ਜੁੱਟ ਬਣਜੋ
ਰਾਤੀ ਦੋਸਤੀ ਦਿਨੇ ਬਦਖੋਈ ਕਰਦੇ
ਮੇਰੇ ਦੋਸਤੋ ਬੰਦੇ ਦੇ ਪੁੱਤ ਬਣਜੋ
ਇਹ ਜੀਵਨ ਅੱਰਧੰਗਨੀ ਹੈ ਤੇਰੀ
ਤੇਰੇ ਬਾਪ ਵੱਲੋਂ ਮਿਲੀ ਜ਼ਮੀਨ ਨਹੀਂ ਇਹ
ਸੁੱਚਾ ਸਿੰਹਾਂ ਤੇਰੇ ਬੱਚਿਆਂ ਦੀ ਮਾਂ ਹੈ ਇਹ
ਬੱਚੇ ਪੈਦਾ ਕਰਨ ਵਾਲੀ ਮਸ਼ੀਨ ਨਹੀਂ ਇਹ

* ਜਰਮਨੀ

# ਕੀ ਹੋਊ ਇਸ ਚਮਨ ਦਾ? (ਕਲੀ)

-ਸੂਬੇਦਾਰ ਪਿਆਰਾ ਸਿੰਘ ਪਿਆਰ*

ਦੋਹਿਰਾ : ਕਿਸਨੇ ਚਮਨ ਉਜਾੜਿਆ, ਕੀਤਾ ਮੰਦਾ ਹਾਲ?
ਤੂੰ ਪਿਆਰੇ ਇਸ ਖ਼ਾਕ 'ਚੋਂ, ਖਿੜੇ ਫੁੱਲ ਨਾ ਭਾਲ਼!
ਕਲੀ : ਤੁਰ ਗਏ ਮਿੱਤਰ ਪਿਆਰੇ, ਰੋਂਦੀਆਂ ਛੱਡ ਉਮੀਦਾਂ ਨੂੰ,
ਪਾਏ ਮਨੁੱਖਤਾ ਉਤੇ, ਕਿਸ ਸ਼ੈਤਾਨ ਨੇ ਲੋਹੜੇ?
ਦਾਜ ਤਿਆਰੀ ਖਾਤਰ, ਤ੍ਰਿੰਝਣੀ ਚਰਖੇ ਘੂਕੇ ਸਨ,
ਤੂਫ਼ਾਨ ਉਡਾ ਕੇ ਲੈ ਗਏ, ਸਭ ਚੰਗੇਰੋਂ ਗੋਹੜੇ।
ਸੜੀ ਜ਼ਿੰਦਗੀ ਪਸ਼ੂਆਂ ਦੇ ਸਣ ਅੰਦਰ ਢਾਰਿਆਂ,
ਟੁੱਟੇ ਹੱਡਾਂ ਨੂੰ ਹੁਣ ਕੇਹੜਾ ਦਾਰੂ ਜੋੜੇ?
ਜਵਾਨੀ ਉੱਤੇ ਰੋਲਰ ਫਿਰੇ ਜ਼ਬਰ ਦੇ ਰਾਹ ਲਈ,
ਲੁੱਕ ਦੀ ਥਾਵੇਂ ਗੀਟੇ, ਰੱਤ ਮਿੱਝ ਨੇ ਜੋੜੇ।
ਖ਼ੂਬ ਉਜਾੜੇ ਕਰਕੇ ਜਬਰ ਨੇ ਪਾਈਆਂ ਲੁੱਟਾਂ ਨੇ,
ਕਾਰੂ ਪਿੱਛੇ ਰਿਹਾ, ਇਨ੍ਹਾਂ ਸੌ ਸੌ ਗੰਜ ਨੇ ਜੋੜੇ।
ਨੱਕੋਂ ਠੂੰਹੇਂ ਡੇਗਦੀ ਹੋਣੀ ਮੱਘੇ ਕੱਢਦੀ ਨੇ,
ਨੋਚੇ ਪੁੱਤ ਬੇਗਾਨੇ, ਫੁੱਲ ਜਿਉਂ ਮਾਲੀ ਤੋੜੇ।
ਦੇਸ਼ ਦੀ ਹੋਣੀ ਉਤੇ, ਕਬਜ਼ਾ ਆਦਮ ਖਾਣਿਆਂ ਦਾ,
ਜਦ ਵੀ, ਜਿਸ ਨੂੰ ਚਾਹੇ, ਫੜ ਕੇ ਧੌਣ ਮਰੋੜੇ।
ਅੱਜ ਮੁਹੱਬਤ ਭੁੱਲੀ ਬੇਲੇ, ਥਲ, ਦਰਿਆਵਾਂ ਨੂੰ,
ਵਿੱਚ ਕਲੱਬਾਂ ਫਿਰਦੀ ਮਾਰਦੀ ਲੱਕ ਮਰੋੜੇ।
ਟੱਕਰ, ਬੰਬ, ਗੋਲੀਆਂ ਲਾਈ ਬੰਨ੍ਹੇ ਹੱਥਾਂ ਨਾਲ਼,
ਚਿਪਕੇ ਨਾਲ਼ ਕੰਧਾਂ ਵੀ ਨਾਲ਼ ਸੰਗੀਨ ਘਰੋੜੇ।
ਗੋਲ਼ੀ ਵਿੰਨਦੀ ਹੈ ਤਨ, ਸਤ ਸਬਰ, ਤੇ ਹੱਕਾਂ ਦੇ,
ਆਦਲ ਮੇਰੇ ਦੇਸ਼ ਦੇ ਸੁੱਤੇ ਵੇਚ ਕੇ ਘੋੜੇ।
ਕੰਧ ਰੇਤ ਦੀ ਵਾਂਗੂੰ ਢਹਿ ਜਾਣਾ ਇਸ ਦੁਨੀਆਂ ਨੇ।
ਐਟਮੀ ਬੰਬਾਂ ਦੇ ਭੰਡਾਰ ਨੇ ਸਭ ਨੇ ਜੋੜੇ।
ਧਰਦੇ ਸੀਸ ਤਲੀ ਜੋ, ਪੈਖੜ ਪਾਉਣ ਉਹ ਹੋਣੀ ਦੇ,

ਜਿਉਂਦੇ ਨਾਲ਼ ਅਣਖ ਦੇ, ਭਾਵੇਂ ਜੀਣ ਦਿਨ ਥੋੜ੍ਹੇ।
ਪਾੜੇ ਦਿਲਾਂ 'ਚ ਪਾਏ ਚੰਦਰੀ ਏਸ ਸਿਆਸਤ ਨੇ,
ਹੁਣ ਤਾਂ ਪਿਆਰ ਹੀ ਹੈ ਜੋ ਟੁੱਟੇ ਦਿਲਾਂ ਨੂੰ ਜੋੜੇ।
ਅਜੇ ਵੇਲਾ ਹੈ ਵੀਚਾਰ ਕਰੋ, ਨਾ ਸਿਆਸਤ ਦਾ ਇਤਬਾਰ ਕਰੋ,
ਭੁੱਲ ਪਿਛਲੀਆਂ ਆਓ 'ਪਿਆਰ' ਕਰੋ, ਨਹੀਂ ਤਾਂ ਪਛਤਾਓਗੇ,
ਮੇਰੇ ਦੋਸਤੋ ਰੰਗਲੀ ਦੁਨੀਆਂ ਤੋਂ ਉੱਠ ਜਾਓਗੇ।

* 3025 **ਸੈਕਟਰ**-71, **ਮੁਹਾਲੀ।**
**ਫੋਨ** : 0172-2274525

# ਜ਼ਮੀਨ

-ਸਾਧੂ ਰਾਮ ਲੰਙੇਆਣਾ*

ਝੰਡੇ ਝੂਲਦੇ ਤੇਰੀ ਸ਼ਾਨ ਦੇ
ਉੱਚੇ ਤੇਰੇ ਮਹਿਲ ਮੁਨਾਰੇ
ਹਰ ਪਲ ਤੇਰਾ ਹੱਥ ਵਟਾਵਾਂ
ਅੱਗੇ ਤੇਰੇ ਕਰਮ ਨਿਆਰੇ
ਫ਼ਰਜ਼ ਮੇਰਾ ਤੈਨੂੰ ਰਾਹੇ ਪਾਉਣਾ
ਤੇਰੇ ਸਿਰ ਤੋਂ ਬੋਝ ਉਠਾਉਣਾ
ਲੰਘਿਆ ਵੇਲਾ ਹੱਥ ਨਹੀਂ ਆਉਣਾ
ਫਿਰ ਨਾ ਕੌਲ਼ੇ ਲੱਗ ਪਛਤਾਵੀਂ
ਵੇਖੀਂ ਮੈਨੂੰ ਨਿਗਲ ਨਾ ਜਾਵੀਂ।

ਨਾ ਮੈਂ ਘਟਦੀ ਨਾ ਮੈਂ ਘਸਦੀ
ਪਿਓ, ਦਾਦੇ ਤੇਰੇ ਪੁੱਤ ਦੀ ਜੜ੍ਹ ਮੈਂ
ਮੈਂ ਤਾਂ ਤੇਰਾ ਸਾਥ ਨਾ ਛੱਡਾਂ
ਵਿੱਚ ਕਟਹਿਰੇ ਜਾਵਾਂ ਖੜ੍ਹ ਮੈਂ
ਪੱਟ-ਪੱਟ ਭਾਵੇਂ ਕਰਦੇ ਖੁੰਗਲ
ਮੈਂ ਨਾ ਤੈਨੂੰ ਆਖ ਸੁਣਾਵਾਂ
ਜੂਏ, ਸ਼ਰਾਬ ਤੇ ਭੈੜ ਆਦਤਾਂ
ਆਪਣੇ ਨਾ ਤੂੰ ਪੱਲੇ ਪਾਵੀਂ
ਵੇਖੀਂ ਮੈਨੂੰ ਨਿਗਲ ਨਾ ਜਾਵੀਂ।

ਪਾਣੀ ਉੱਤੇ ਪੈਰ ਨੇ ਮੇਰੇ
ਵਿੱਚ ਸੋਨੇ ਦੇ ਲਹਿਰ ਨੇ ਮੇਰੇ
ਜਦ ਪਿੰਡਾਂ ਤੂੰ ਮੇਰਾ ਪੱਟੇਂ
ਮੈਨੂੰ ਲੱਗੇ ਮੈਲ ਤੂੰ ਚੱਟੇਂ
ਅੱਡੀਆਂ ਚੁੱਕ ਨਾ ਫਾਹਾ ਲੈ ਲਈਂ
ਚਾਦਰ ਵੇਖ ਕੇ ਪੈਰ ਫੈਲਾਵੀਂ
ਤੈਨੂੰ ਮੇਰਾ ਇਹੀ ਕਹਿਣਾ

ਕੰਡਿਆਂ ਦੀ ਨਾ ਸੇਜ ਵਿਛਾਵੀਂ
ਵੇਖੀ ਮੈਨੂੰ ਨਿਗਲ ਨਾ ਜਾਵੀਂ।

ਮੇਰੇ ਪਿੱਛੇ ਵੈਰ ਨਾ ਪਾਵੀਂ
ਭਾਈਆਂ ਨਾਲ ਨਾ ਦਗ਼ਾ ਕਮਾਵੀਂ
ਦੁੱਖ-ਸੁੱਖ ਸਿਰ ਤੇ ਸਹਿਣਾ ਪੈਣਾ
ਪੱਕਾ ਵੇਖ ਨਾ ਕੱਚਾ ਢਾਵ੍ਹੀਂ
ਮਣਕਾ ਟੁੱਟ ਗਿਆ ਜੇ ਮਾਲਾ 'ਚੋਂ
ਮੇਰੇ ਤੇ ਨਾ ਹੰਝੂ ਵਹਾਵੀਂ
ਸ਼ਰੀਕਾਂ ਦੀ ਉਂਗਲ ਚੜ੍ਹ 'ਸਾਧੂ'
ਦੀਵੇ ਤੇ ਨਾ ਫ਼ੂਕ ਮਰਾਵੀਂ
ਵੇਖੀਂ ਮੈਨੂੰ ਨਿਗਲ ਨਾ ਜਾਵੀਂ।
ਵੇਖੀਂ ਮੈਨੂੰ ਨਿਗਲ ਨਾ ਜਾਵੀਂ।

(ਧੰਨਵਾਦ ਪੁਸਤਕ ਜੱਟਾ ਜਾਗ ਬਈ)
ਸੰਪਾਦਕ ਪ੍ਰੀਤਮ ਸਿੰਘ ਰਾਹੀ, ਜਗੀਰ ਸਿੰਘ ਜਗਤਾਰ

# ਆਪ ਮੁਹਾਰੇ ਸ਼ਹਿਰੀਕਰਣ ਦੀਆਂ ਸੱਸਿਆਵਾਂ

-ਸਰਬਜੀਤ ਕੌਰ ਘੱਗਾ*

ਰੁੱਖ ਝਾੜੀਆਂ ਦਾ ਹੁਣ ਘਾਣ ਹੋ ਗਿਆ,
ਉੱਚੀਆਂ ਇਮਾਰਤਾਂ 'ਚ ਤਬਦੀਲ ਰੁੱਖਾਂ ਦਾ ਵਾਹਣ ਹੋ ਗਿਆ।
ਕਰੇ ਨਾ ਖਿਆਲ ਕੋਈ ਖ਼ੁਦਾ ਦੇ ਨਜ਼ਾਰਿਆਂ ਦਾ,
ਆਪ ਮੁਹਾਰੇ ਸ਼ਹਿਰੀਕਰਣ ਦਾ ਐਸਾ ਭੂਤ ਸਵਾਰ ਹੋ ਗਿਆ।
ਹੁਣ ਪੇਂਡੂ ਸ਼ਹਿਰਾਂ ਵੱਲ ਨੂੰ ਨੇ ਭੱਜ ਦੇ,
ਵਾੜੇ, ਤਬੇਲੇ ਤੇ ਨੌਹਰੇ ਸਾਰੇ ਛੱਡ ਕੇ।
ਕੱਟ ਰੁੱਖ ਜੜ੍ਹੋਂ ਬਾਲਣ ਨੂੰ ਬਾਲ ਲਏ,
ਨੀਹਾਂ ਕਰ ਪੱਕੀਆਂ ਮਹਿਲ ਉਸਾਰ ਲਏ।
ਮਨੁੱਖ ਸਮਝੇ ਖ਼ੁਦ ਨੂੰ ਮਾਲਕ ਜਹਾਨ ਦਾ,
ਖ਼ੁਦਾ ਦੀ ਖ਼ੁਦਾਈ ਨੂੰ ਨਾ ਕੁਝ ਜਾਣਦਾ।
ਸਾਰਿਆਂ ਨੂੰ ਦਿੱਤਾ ਰੱਬ ਹੱਕ ਜੀਣ ਦਾ,
ਪਰ ਹੋ ਗਿਆ ਖਰਾਬ ਹੁਣ ਪਾਣੀ ਪੀਣ ਦਾ।
ਕਾਰਖਾਨਿਆਂ ਦੀ ਗੰਦਗੀ ਦਰਿਆਈਂ ਸੁੱਟ ਤੀ,
ਸਰ, ਦੱਬ੍ਹ, ਕਾਈ ਪਾਣੀਆਂ 'ਚ ਉੱਗ ਪਈ।
ਵੱਢੀਂ ਜਾਏ ਮਲ੍ਹੇ, ਬੇਰੀਆਂ ਤੇ ਕਿੱਕਰਾਂ,
ਧਰਤੀ ਤੇ ਹੋਵੇ ਕਬਜ਼ਾ ਜਿਸ ਤਰ੍ਹਾਂ।
ਮਨੁੱਖ ਸੋਚੇ ਸੰਸਾਰ ਸਵਰਗ ਬਣਾ ਦਿੱਤਾ,
ਪਰ ਹਰਿਆਲੀ ਨੂੰ ਜੜੋਂ ਹੀ ਮੁਕਾ ਦਿੱਤਾ।
ਕਾਰਾਂ, ਸਕੂਟਰਾਂ ਤੇ ਮੋਟਰ ਸਾਈਕਲਾਂ ਦੀ ਭਰਮਾਰ ਹੋ ਗਈ,
ਆਕਸੀਜ਼ਨ ਦੀ ਕਮੀ ਦੀ ਸ਼ੁਰੂਆਤ ਹੋ ਗਈ।

* ਦਸ਼ਮੇਸ਼ ਗਰਲਜ਼ ਕਾਲਜ ਬਾਦਲ,
ਪਿੰਡ ਘੱਗਾ, ਤਹਿਸੀਲ ਗਿੱਦੜਬਾਹਾ,
ਜ਼ਿਲ੍ਹਾ ਮੁਕਤਸਰ (ਪੰਜਾਬ)
ਫੋਨ : 94658-10659

# ਪੂਰਬ-ਪੱਛਮ

-ਸਤਨਾਮ ਔਜਲਾ*

ਅੱਜ ਦਾ ਮਨੁੱਖ
ਦੋਹਰੀ ਸੰਸਕ੍ਰਿਤੀ 'ਚ ਜੀਂਦਾ ਹੈ
ਦੋਗਲੀ ਭਾਸ਼ਾ ਬੋਲਦਾ ਹੈ
ਘਰ ਦੀ ਦਹਿਲੀਜ਼ ਅੰਦਰ
ਪੂਰਬ ਬਣ ਕੇ ਜੀਂਦਾ ਹੈ
ਦਹਿਲੀਜ਼ ਦੇ ਉਸ ਪਾਰ
ਪੱਛਮ ਬਣ ਕੇ ਹੰਢਦਾ ਹੈ
ਘਰੋਂ ਚੱਲਣ ਲਗਿਆ
ਸੱਭਿਆਚਾਰ ਦੀ ਚਾਦਰ
ਪੂਰਬ ਤੇ ਪੱਛਮ ਵਿਚਕਾਰ
ਤਾਣ ਕੇ
ਘਰ ਦੀ ਤਹਿਲੀਜ਼ 'ਚੋਂ ਨਿਕਲਦਾ ਹੈ
ਪੂਰਬ 'ਚ ਝੁਕ ਕੇ
ਨੰਗੇ ਪੈਰੀਂ ਤੁਰਦਾ ਹੈ
ਪੱਛਮ ਦੇ ਕਲੱਬ 'ਚ
ਸ਼ਰਾਬ ਤੇ ਕਬਾਬ ਨੂੰ ਚੱਖਦਾ ਹੈ
ਮਹਿਕਦੇ ਪਰਦੇ ਸੁੰਘਦਾ ਹੈ
ਸ਼ਬਾਬ ਨੂੰ
ਤਲੀਆਂ ਤੋਂ ਲੈ ਸਿਰ ਤੱਕ ਚੱਟਦਾ ਹੈ
ਕਿਸੇ ਦੇ ਤਨ ਅਤੇ ਕਪੜਿਆਂ
ਦੀ ਮਹਿਕ ਦਾ
ਕਲੱਬ ਤੋਂ ਘਰ ਤੱਕ
ਪਿੱਛਾ ਕਰਦਾ ਹੈ
ਕਿੰਨਾ ਅਜੀਬ ਹੈ
ਆਧੁਨਿਕ ਮਨੁੱਖ
ਘਰ 'ਚ ਪੂਰਬ ਹੈ
ਬਾਹਰ ਪੱਛਮ।

# ਰੂਹ ਦੀ ਪੀੜ

-ਹਰਲਾਲ ਸਿੰਘ ਬੈਂਸ*

ਵਿੱਚ ਪਰਦੇਸਾਂ ਆਣਕੇ, ਅਸੀਂ ਦਰਦ ਸਹੇੜੇ
ਇੱਕ ਆਇਆ ਫੋਨ ਪੰਜਾਬ ਤੋਂ, ਅੱਜ ਸੁਬਹ ਸਵੇਰੇ
ਤਿਪ-ਤਿਪ ਕਰਕੇ ਡੁੱਲ੍ਹਿਆ, ਨੈਣਾਂ 'ਚੋਂ ਪਾਣੀ
ਮੇਰਾ ਕੱਢ ਕਲੇਜਾ ਲੈ ਗਈ, ਇੱਕ ਖਬਰ ਨਿਮਾਣੀ
ਮੇਰੇ ਪੈਰੋਂ ਧਰਤੀ ਨਿਕਲੀ, ਤੇ ਅੰਬਰ ਡਿੱਗੇ
ਮੈਂ ਕਿੱਦਾਂ ਖੜ੍ਹਾ ਜ਼ਮੀਨ 'ਤੇ, ਕੁਝ ਸਮਝ ਨਾ ਲੱਗੇ
ਅਚਨਚੇਤ ਹੀ ਸੁਣੀ ਮੈਂ, ਜਦ ਦਰਦ ਕਹਾਣੀ
ਅੱਜ ਤੁਰ ਗਿਆ ਦੁਨੀਆ ਛੱਡ ਕੇ, ਇੱਕ ਰੂਹ ਦਾ ਹਾਣੀ
ਕਾਹਤੋਂ ਕਰਿਆ ਯਾਦ ਤੂੰ, ਮੈਨੂੰ ਜਾਂਦੀ ਵਾਰੀ
ਮੈਂ ਕੀ ਸੀ ਤੇਰਾ ਲੱਗਦਾ, ਕੀ ਰਿਸ਼ਤੇਦਾਰੀ
ਮੌਤ ਬਰੂਹੀਂ ਆ ਗਈ, ਪਰ ਜਿੰਦੜੀ ਸਹਿ ਕੇ
ਸੀ ਨਿੰਮਾ-ਨਿੰਮਾ ਬੋਲਦੀ, ਨਾਉਂ ਮੇਰਾ ਲੈ ਕੇ
ਬਹੁਤੀ ਖੁਸ਼ ਹਾਂ ਦੋਸਤਾ, ਮੈਨੂੰ ਮੁੱਖੋਂ ਕਹਿੰਦੀ
ਚੰਗਾ ਚਲਦੀਂ ਸੋਹਣਿਆ, ਹੁਣ ਹੋਰ ਨਾ ਰਹਿੰਦੀ
ਤੇਰਾ ਉੱਡਿਆ ਭੌਰ ਵਜੂਦ 'ਚੋਂ, ਮੇਰੀ ਜਿੰਦੜੀ ਡੋਲੀ
ਮੈਂ ਰਹਿ ਗਿਆ 'ਵਾਜਾਂ ਮਾਰਦਾ, ਤੂੰ ਕੁਝ ਨਾ ਬੋਲੀ
ਮੇਰੇ ਹੂਕ ਸਰੀਰੋਂ ਨਿਕਲੀ, ਧਾਹ ਖੜ੍ਹਕੇ ਮਾਰੀ
ਕਿਉਂ ਮੇਰੀ ਖਾਤਰ ਕਮਲੀਏ, ਤੂੰ ਜਿੰਦੜੀ ਵਾਰੀ
ਦਿਲ ਦਬਿਆ ਹੇਠਾਂ ਬੋਝ ਦੇ, ਜਿਉਂ ਪੱਥਰ ਭਾਰਾ
ਮੈਂ ਕਰਜ਼ਾ ਤੇਰੇ ਪਿਆਰ ਦਾ, ਦੱਸ ਕਿਵੇਂ ਉਤਾਰਾਂ
ਤੈਨੂੰ ਹੋਵੇ ਸਵਰਗ ਨਸੀਬ ਨੀ, ਕਰਾਂ ਲੱਖ ਫਰਿਆਦਾਂ
ਮੈਂ ਰੱਖੂੰ ਦਿਲ ਵਿੱਚ ਸਾਂਭ ਕੇ, ਹਾਏ! ਤੇਰੀਆਂ ਯਾਦਾਂ
ਰੱਖਾਂ ਸਦਾ ਹੀ ਚੁੰਮ ਕੇ, ਮੈਂ ਗਲ ਦੀ ਗਾਨੀ
ਦਿੱਤੀ ਸੀ ਤੂੰ ਵੈਰਨੇ, ਜੋ ਪਿਆਰ ਨਿਸ਼ਾਨੀ
ਮਿਹਣਾ ਤੇਰੀ ਮੌਤ ਦਾ, ਨਾ ਛੱਡੇ ਸਾਨੂੰ
ਹੁਣ ਕੌਣ ਕਹੇ ਹਰਲਾਲ ਨੂੰ, ਤੂੰ ਮੇਰਾ ਜਾਨੂੰ.....

* ਪਰਥ-ਆਸਟ੍ਰੇਲੀਆ, ਫੋਨ : 0061431024501

# ਪਿੰਡ ਰਹਿਣ ਦਿਓ ਮਾਂ ਨੂੰ

-ਹਰੀ ਸਿੰਘ ਬਰਨ*

ਵੱਡਿਆ ਦਿਲ ਨਹੀਂ ਲੱਗਦਾ ਸ਼ਹਿਰ ਵਿੱਚ ਥੋਡੀ ਮਾਂ ਦਾ ਵੇ
ਮੈਂ ਨਹੀਂ ਸ਼ਹਿਰ ਪੁੱਤ ਜਾਣਾ ਹਰ ਕੋਈ ਸਿਰ ਕਿਓ ਖਾਂਦਾ ਵੇ
ਸ਼ਹਿਰਾਂ ਦਾ ਜਲਵਾਯੂ ਸਿਹਤ ਲਈ ਹਾਨੀਕਾਰਕ ਵੇ
ਪੁੱਤਰੋ! ਮੈਨੂੰ ਮੇਰਾ ਪਿੰਡ ਤੁਸਾਂ ਨੂੰ ਸ਼ਹਿਰ ਮੁਬਾਰਕ ਵੇ...

ਵੱਸੋ ਹੱਸੋ ਤੁਸੀਂ ਸ਼ਹਿਰ ਵਿੱਚ ਮੌਜਾਂ ਮਾਣੋ ਵੇ
ਮੱਖਣ ਵਰਗੀਆਂ ਨਾਰਾਂ ਤੇ ਲੱਖ ਛੱਤਰੀਆ ਤਾਣੋ ਵੇ
ਮੰਜਾ ਡਾਹੁਣ ਦੇ ਕੰਮ ਨਹੀਂ ਆਉਂਦਾ ਸ਼ਹਿਰੀ ਪਾਰਕ ਵੇ
ਪੁੱਤਰੋ! ਮੈਨੂੰ ਮੇਰਾ ਪਿੰਡ ਤੁਸਾਂ ਨੂੰ ਸ਼ਹਿਰ ਮੁਬਾਰਕ ਵੇ...

ਦੇਖ ਲਿਆ ਮੈਂ ਰਹਿ ਕੇ ਤੁਹਾਡਾ ਸ਼ਹਿਰੀ ਜੀਵਨ ਵੇ
ਮੱਖਣ, ਮਲਾਈ, ਦੁੱਧ, ਦਹੀਂ ਨਾ ਲੱਸੀ ਪੀਵਣ ਵੇ
ਮੂੰਹ ਲਿਸ਼ਕਦੇ ਪੀਲੇ ਲਾਲੀਆਂ ਦੇ ਜੋ ਧਾਰਕ ਵੇ
ਪੁੱਤਰੋ! ਮੈਨੂੰ ਮੇਰਾ ਪਿੰਡ ਤੁਸਾਂ ਨੂੰ ਸ਼ਹਿਰ ਮੁਬਾਰਕ ਵੇ....

ਸ਼ਾਮ ਸਵੇਰੇ ਜਾ ਕੇ ਗੁਰੂ ਘਰ ਵਾਹਿਗੁਰੂ ਜਪ ਲੈਂਦੀ
ਕਦੇ ਕਦਾਈਂ ਲੰਗਰ ਦਾ ਪ੍ਰਸ਼ਾਦਾ ਛਕ ਲੈਂਦੀ
ਸਚਖੰਡ ਦਾ ਰਸਤਾ ਦੱਸਦੇ ਨਿੱਤ ਪ੍ਰਚਾਰਕ ਵੇ
ਪਿੰਡ ਰਹਿਣ ਦਿਓ ਮੈਨੂੰ, ਤੁਸਾਂ ਨੂੰ ਸ਼ਹਿਰ ਮੁਬਾਰਕ ਵੇ...

ਅਣਛਪੇ ਅਖਬਾਰਾਂ 'ਚੋਂ ਜਦ ਖਬਰਾਂ ਪੜ੍ਹਦੀਆਂ ਵੇ
ਪੰਜ ਸੱਤ ਪੇਂਡੂ ਬੁੜ੍ਹੀਆਂ ਜਦ ਢਿੱਡ ਹੌਲਾ ਕਰਦੀਆਂ ਵੇ
ਸਾਡੇ ਵਿਹੜਿਆਂ ਮੁਹਰੇ ਕੀ ਕਰੂ ਸ਼ਹਿਰ ਦਾ ਪਾਰਕ ਵੇ
ਪਿੰਡ ਰਹਿਣ ਦਿਓ ਮੈਨੂੰ ਤੁਸਾਂ ਨੂੰ ਸ਼ਹਿਰ ਮੁਬਾਰਕ ਵੇ...

ਬਹੁਤੀ ਲੰਘ ਗਈ ਥੋੜੀ ਰਹਿ ਗਈ ਪਿੰਡ 'ਚ ਹੀ ਰਹਿਣ ਦਿਓ
ਮਰਦੇ ਦਮ ਤੱਕ ਰੁੱਖਾਂ ਦੀ ਛਾਂ ਹੇਠਾਂ ਬਹਿਣ ਦਿਓ
ਮਹਿਕ ਵਿੱਚ ਨਾ ਥੁੱਕੋ ਨਾ ਮੂਤੋ ਥਾਂ ਥਾਂ ਕੀਤਾ ਮਾਰਕ ਵੇ
ਪੁੱਤਰੋ! ਮੈਨੂੰ ਮੇਰਾ ਪਿੰਡ ਤੁਸਾਂ ਨੂੰ ਸ਼ਹਿਰ ਮੁਬਾਰਕ ਵੇ...

ਦੋਹਤੇ ਦੋਹਤੀਆਂ ਛੁੱਟੀਆਂ ਵਿੱਚ ਜਦ ਆ ਕੇ ਮਿਲ ਜਾਂਦੇ
ਨਾਨੀ ਦੀ ਫੁਲਵਾੜੀ ਅੰਦਰ ਕਈ ਫੁੱਲ ਖਿਲ ਜਾਂਦੇ
ਹਰੀ ਬਰਨ ਨੂੰ ਮੋਹ ਬਰਾਬਰ ਨਹੀਂ ਨਿਊਯਾਰਕ ਵੇ

ਪਿੰਡ ਰਹਿਣ ਦਿਓ ਮੈਨੂੰ ਤੁਸਾਂ ਨੂੰ ਸ਼ਹਿਰ ਮੁਬਾਰਕ ਵੇ...
ਜਦ ਤੱਕ ਚਲਦੀਆਂ ਮੇਰੀਆਂ ਇਸੇ ਵਿੱਚ ਮਕਾਨ ਰਹੂੰ
ਖੜ ਗਈਆਂ ਜਦ ਬਿਲਕੁਲ ਥੋਡੇ ਚਰਨੀ ਆਣ ਪਊ
ਚਾਨਣ ਵਰਗੀ ਜ਼ਿੰਦਗੀ ਵਿੱਚ ਜਦ ਹੋਜੂ ਡਾਰਕ ਵੇ
ਪੁੱਤਰੋ! ਮੈਨੂੰ ਮੇਰਾ ਪਿੰਡ ਤੁਸਾਂ ਨੂੰ ਸ਼ਹਿਰ ਮੁਬਾਰਕ ਵੇ...
ਅੰਤਿਮ ਇੱਛਾ ਯਾਦ ਕਰ ਲਿਓ ਪੁੱਤਰੋ ਬੂਕਦਿਓ
ਏਸੇ ਪਿੰਡ ਦੀਆਂ ਮੜ੍ਹੀਆਂ ਵਿੱਚ ਮੈਨੂੰ ਚੱਕ ਕੇ ਫੂਕ ਦਿਓ
ਗੰਦੀ ਬੁੜ੍ਹੀ ਤੋਂ ਗੰਦੇ ਨਾ ਕਰਵਾਇਓ ਪਾਰਕ ਵੇ
ਪਿੰਡ 'ਚ ਰਹਿਣ ਦਿਓ ਮੈਨੂੰ ਤੁਸਾਂ ਨੂੰ ਸ਼ਹਿਰ ਮੁਬਾਰਕ ਵੇ....

* ਪਿੰਡ ਗੋਹ-ਲੁਧਿਆਣਾ

# ਨਵੇਂ ਸਾਲ ਦੇ ਮੌਕੇ ’ਤੇ

-ਹਰਭਜਨ ਸਿੰਘ ਬੈਂਸ*

ਸਾਨੂੰ ਵੀ ਇਕ ਵੱਖਰਾ ਘਰ ਦੇ–ਵਾਹਿਗੁਰੂ।
ਸਾਲ ਨਵੇਂ ਦਾ ਇਹੀ ਬਰ ਦੇ–ਵਾਹਿਗੁਰੂ।
ਬਾਰ ਪਰਾਏ ਬੈਸਨ ਤੋਂ ਹੁਣ ਮੁਕਤ ਕਰੀਂ,
ਅਪਣਾ ਘਰ ਦੇ ਅਪਣਾ ਦਰ ਦੇ–ਵਾਹਿਗੁਰੂ।
ਹਰ ਕੋਈ ਦੇਵੇ ਇੱਕ ਦੂਜੇ ਨੂੰ ਪਿਆਰ ਨਜ਼ਰ,
ਸਭ ਨੂੰ ਐਸੀ ਪਿਆਰ–ਨਜ਼ਰ ਦੇ–ਵਾਹਿਗੁਰੂ।
‘ਸਾਂਝੀਵਾਲ ਸਦਾਇਣ’ ਵਾਲੀ ਧਰਤੀ ’ਤੇ,
ਬਖਸ਼ਿਸ਼ ਕਰ ਦੇ, ਰਹਿਮਤ ਕਰ ਦੇ–ਵਾਹਿਗੁਰੂ।
ਅਪਣੇ ਲਈ ਤਾਂ ਇਸ ਤੋਂ ਜ਼ਿਆਦਾ ਮੰਗਦਾ ਨਾ,
ਨੇਕ ਕਿਰਤ ’ਚੋਂ ਨੇਕ ਗੁਜ਼ਰ ਦੇ–ਵਾਹਿਗੁਰੂ।
ਸਭ ਅੱਛਾ ਤੇ ਅਮਨ–ਅਮਾਨ ਹੈ ਜੇ ਸਾਰੇ,
ਸਹਿਮੇ ਕਿਉਂ ਨੇ ਲੋਕ ਸ਼ਹਿਰ ਦੇ–ਵਾਹਿਗੁਰੂ।
ਨਾ ਉਹ ਸਰਵਣ ਪੁੱਤਰ ਤੇ ਨਾ ਮਾਂ–ਪਿਓ ਉਹ,
ਨਾ ਉਹ ਰਿਸ਼ਤੇ ਨਾਰੀ–ਨਰ ਦੇ–ਵਾਹਿਗੁਰੂ।
ਅਜਨਬੀਆਂ ਦੇ ਵਾਂਗੂੰ ਘਰ ਵਿੱਚ ਰਹਿੰਦੇ ਨੇ,
ਦੇਖੇ ਬੰਦੇ ਹਰ ਇਕ ਘਰ ਦੇ–ਵਾਹਿਗੁਰੂ।
ਦੁਨੀਆਂ ’ਚੋਂ ਇਖ਼ਲਾਕੀ ਰਿਸ਼ਤੇ ਲੋਪ ਹੋਏ,
ਰਹਿ ਗਏ ਰਿਸ਼ਤੇ ਕੇਵਲ ਜ਼ਰ ਦੇ–ਵਾਹਿਗੁਰੂ।
ਕਾਤਿਲ ਨੂੰ ਹੱਥ ਪਾਉਣੇ ਤੋਂ ਕਾਨੂੰਨ ਡਰੇ,
ਮਾਰੇ ਜਾਣ ਇਬਾਦਿਤ ਕਰਦੇ–ਵਾਹਿਗੁਰੂ।
ਸੁਬ੍ਹਾ–ਸਵੇਰੇ ਪਿੰਡ ਤੋਂ ਨਿਕਲੇ ਲੋਕੀਂ ਕਿਉਂ,
ਦੇਖਣ ਮੋਘੇ ਰੋਜ਼ ਨਹਿਰ ਦੇ–ਵਾਹਿਗੁਰੂ।
ਚਾਰ–ਚੁਫੇਰਾ ਖਿੜਿਆ ਜਿਉਂ ਗੁਲਜ਼ਾਰ ਮਿਲੇ,
ਸਭ ਦੇ ਦੁਖੜੇ ਝੋਰੇ ਹਰ ਦੇ–ਵਾਹਿਗੁਰੂ।
ਉੱਚੇ ਉੜ ਉੜ ਧਰਤੀ ਨਾਲੋਂ ਟੁੱਟ ਗਏ ਹਾਂ,
ਮੋਰ, ਮਮੋਲਿਆਂ ਵਾਲੇ ਪਰ ਦੇ–ਵਾਹਿਗੁਰੂ।

* 20235-96 ਐਵੇਨਿਊ ਸਾਊਥ, ਕੈਂਟ-ਵਾਸ਼ਿੰਗਟਨ, ਯੂ.ਐਸ.ਏ.

# ਜ਼ਿੰਦਗੀ ਦੀ ਇਹ ਸ਼ਾਮ (ਦੋਹੇ)

**-ਹਰਨੇਕ ਸਿੰਘ ਕੋਮਲ***

ਬਹੁਤ ਸਫ਼ਰ ਮੁਕਾ ਲਿਆ, ਥੋੜ੍ਹੀ ਰਹਿ ਗਈ ਵਾਟ।
ਮੱਧਮ ਹੁੰਦੀ ਜਾ ਰਹੀ, ਦੀਵੇ ਦੀ ਹੁਣ ਲਾਟ॥
ਰੂਹ ਨੂੰ ਝੋਰੇ ਖਾ ਗਏ, ਦੇਹੀ ਖਾ 'ਗੇ ਰੋਗ।
ਨਦੀ ਕਿਨਾਰੇ ਰੁੱਖੜਾ, ਨਰਕ ਰਿਹਾ ਹੈ ਭੋਗ॥
ਜੋ ਕਦੇ ਸੀ ਅੰਬਰੋਂ, ਲੈਂਦਾ ਤਾਰੇ ਤੋੜ।
ਹੁਣ ਤਾਂ ਪਾਸਾ ਲੈਂਦਿਆਂ, ਦੁਖਦੇ ਉਸਦੇ ਜੋੜ॥
ਹੈ ਤਕਾਜ਼ਾ ਉਮਰ ਦਾ, ਜਾਂ ਦਿਨਾਂ ਦਾ ਫੇਰ।
ਭਿੱਜੀ ਬਿੱਲੀ ਬਣ ਗਿਆ, ਕੱਲ੍ਹ ਸੀ ਜਿਹੜਾ ਸ਼ੇਰ॥
ਔਖਾ ਬੜਾ ਬਜ਼ੁਰਗ ਹੈ, ਰੁੱਸੇ ਰਹਿੰਦੇ ਅੰਗ।
ਜੀਅ ਰਿਹਾ ਹੈ ਰੱਬ ਤੋਂ, ਸਾਹ ਉਧਾਰੇ ਮੰਗ॥
ਪਤਾ ਨਹੀਂ ਕਿਉਂ ਚੰਦਰਾ, ਰਹਿੰਦੈ ਮਨ ਉਪਰਾਮ।
ਔਖੀ ਹੋ ਗਈ ਕੱਟਣੀ, ਜ਼ਿੰਦਗੀ ਦੀ ਇਹ ਸ਼ਾਮ॥
ਦੇ-'ਗੇ ਅੰਗ ਜਵਾਬ ਸਭ, ਖੁਰਿਆ ਬਿਰਧ ਸਰੀਰ।
ਚੰਦਰਾ ਮਨ ਨਾ ਛੱਡਦਾ, ਜੱਗ ਦੇ ਵਿਚੋਂ ਸੀਰ॥
ਆਥਣ ਤੀਕਰ ਚੁੱਕਿਆ, ਟੱਬਰ ਦਾ ਜਿਸ ਭਾਰ।
ਭਾਰ ਓਸਨੂੰ ਸਮਝਦਾ, ਹੁਣ ਸਾਰਾ ਪਰਿਵਾਰ॥
ਜਿਉਂਦੇ-ਜੀਅ ਹੈ ਮੁੱਕਿਆ, ਜੱਗ ਦੇ ਵਿੱਚੋਂ ਸੀਰ।
ਵਾਧੂ ਕੋਈ ਵਸਤ ਹੈ, ਘਰ ਵਿੱਚ ਬਿਰਧ ਸਰੀਰ॥
ਬੀਵੀ ਬਦ-ਜ਼ੁਬਾਨ ਹੈ, ਬੇਟਾ ਬੇ-ਲਗਾਮ।
ਕਿਵੇਂ ਕਟੇਂਗਾ ਭੋਲਿਆ, ਜ਼ਿੰਦਗੀ ਦੀ ਇਹ ਸ਼ਾਮ॥
ਆਥਣ ਵੇਲੇ ਆਣ ਕੇ, ਡੁੱਬਦੇ ਸੂਰਜ ਕੋਲ।
ਦੁਖੀ ਇਹ ਬਜ਼ੁਰਗ ਹੈ, ਦੁੱਖੜੇ ਲੈਂਦਾ ਫੋਲ॥
'ਸੇਵਾ' ਤੇ 'ਸਤਿਕਾਰ' ਹੁਣ, ਬਿਰਧ ਰਹੇ ਨੇ ਭਾਲ।
ਪੁੱਤਰ ਦੇ ਵੱਲ ਵੇਖਦੇ, ਡਾਢੀ ਹਸਰਤ ਨਾਲ॥
ਬੇਰੀ ਵਾਂਗ ਬਜ਼ੁਰਗ ਹੈ, ਵਿਹੜੇ ਦੇ ਵਿਚਕਾਰ।
ਦੇਵੇ ਮਿੱਠੇ ਬੇਰ ਜੋ, ਖਾ ਵੱਟਿਆਂ ਦੀ ਮਾਰ॥
ਭਾਵੇਂ ਘਰ ਵਿੱਚ ਬਿਰਧ ਹੈ, ਬਣ ਕੇ ਰਹਿ ਗਿਆ ਗ਼ੈਰ।

ਫਿਰ ਵੀ ਘਰ-ਪਰਿਵਾਰ ਦੀ, ਮੰਗੇ ਹਰਦਮ ਖ਼ੈਰ॥
ਘਰ ਨੇ ਜਦੋਂ ਬਜ਼ੁਰਗ ਨੂੰ, ਦਿੱਤੀ ਠੋਹਕਾਰ ਮਾਰ।
ਬਿਰਧ-ਘਰ ਹੈ ਬੋਲਿਆ, "ਆ ਵੰਞ ਮੈਂਡੇ ਯਾਰ॥"
ਬਿਰਧ-ਘਰ ਵਿੱਚ ਆਣ ਕੇ, ਹੋਇਆ ਬਿਰਧ ਆਬਾਦ।
ਖਹਿੜਾ ਨਾ ਪਰ ਛੱਡਦੀ, 'ਆਪਣੇ ਘਰ ਦੀ ਯਾਦ॥'
ਜਿਨ੍ਹਾਂ ਸਾਜ਼-ਨਿਵਾਜ਼ਿਆ, ਇਹ ਸਾਰਾ ਪਰਿਵਾਰ।
ਵਡ-ਵਡੇਰੇ ਮੰਗਦੇ, ਚੁਟਕੀ ਜਿੰਨਾ ਪਿਆਰ॥
ਘਰ ਦੇ ਵਿੱਚ ਬਜ਼ੁਰਗ ਦਾ, ਹੋਵੇ ਆਦਰ-ਮਾਣ।
ਘਰ ਦੇ ਵਿੱਚ ਬਜ਼ੁਰਗ ਹੈ, ਦੋ ਦਿਨ ਦਾ ਮਹਿਮਾਨ॥
ਆਵੇ ਜਾਚ ਜਿਉਣ ਦੀ, ਸੱਠ ਵਰ੍ਹਿਆਂ ਤੋਂ ਬਾਅਦ।
ਥੋੜੀ ਰਹਿ ਜੇ ਖੀਰ ਜਦ, ਲਗਦੀ ਬਹੁਤ ਸਵਾਦ॥
ਭਰ-ਲੀ ਦੋਹਿਆਂ ਨਾਲ ਤੂੰ, ਜ਼ਿੰਦਗੀ ਦੀ ਹੈ ਸ਼ਾਮ
ਜੁੜਿਆ ਦੋਹੇ ਨਾਲ ਹੈ, ਕੋਮਲ ਤੇਰਾ ਨਾਮ॥

* ਗਲੀ ਵਿਕਾਸ ਪਬਲਿਕ ਸਕੂਲ,
ਮਲੋਟ - 152107
ਫੋਨ : 01637-261414

# ਜੇਕਰ ਆਪਾ ਬਚਾਉਣਾ ਲੋਚਦੇ ਜੇ

-ਹਜ਼ਾਰਾ ਸਿੰਘ ਮੰਡ*

ਨਾਦਰ ਭਾਰਤ 'ਚੋਂ ਗੱਡਿਆਂ ਮੂੰਹ ਧਨ ਲੈ ਗਿਆ
ਇਥੇ ਫਿਰ ਵੀ ਜਰਾ ਖੁਸ਼ਹਾਲੀ ਰਹਿ ਗਈ
ਥਾਂ ਥਾਂ ਲਹੂ ਤੇ ਮਿੱਝ ਦੇ ਘਾਣ ਕਰ ਗਿਆ
ਫਿਰ ਵੀ ਜਨਤਾ ਦੇ ਚਿਹਰੇ 'ਤੇ ਲਾਲੀ ਰਹਿ ਗਈ
ਆਮ ਲੋਕਾਂ ਦੇ ਜੂਨ-ਗੁਜ਼ਾਰੇ ਜੋਗੀ,
ਕੁਝ ਨਾ ਕੁਝ ਤਾਂ ਮਾਇਆ ਸੰਭਾਲੀ ਰਹਿ ਗਈ
ਸਾਡੀ ਧਰਤੀ ਦੀ ਬੇਸ਼ੱਕ ਲੋਟ ਹੋ ਗਈ
ਫਿਰ ਵੀ ਮਿੱਠਿਆਂ ਪਾਣੀਆਂ ਵਾਲੀ ਰਹਿ ਗਈ

ਲੇਕਿਨ ਅੱਜ ਕੱਲ੍ਹ ਇਦਾਂ ਦੀ ਲੁੱਟ ਹੋ ਰਹੀ
ਸਾਡੇ ਚਿਹਰੇ ਬਿਲਕੁਲ ਜਰਦ ਹੋ ਗਏ
ਕੂਟ ਨੀਤੀ ਨੇ ਮਾਰ ਤੀ ਅਣਖ ਸਾਡੀ
ਹੱਥ ਪੈਰ ਤੇ ਖ਼ੂਨ ਵੀ ਸਰਦ ਹੋ ਗਏ
ਸਾਨੂੰ ਖਾਣ ਨੂੰ ਇਦਾਂ ਦਾ ਮਿਲ ਰਿਹਾ ਹੈ
ਸੈਆਂ ਗੱਭਰੂ ਸਾਡੇ ਨਾਮਰਦ ਹੋ ਗਏ
ਹੁਣ ਕੀ ਗਿਲਾ ਬਦੇਸ਼ੀ ਲੁਟੇਰਿਆਂ ਤੇ
ਜਦੋਂ ਆਪਣੇ ਹਾਕਮ ਬੇਦਰਦ ਹੋ ਗਏ

ਜਿਹਨੂੰ ਭਾਰਤੀ ਹਾਕਮ ਵਿਕਾਸ ਕਹਿੰਦੇ
ਸਹੀ ਅਰਥਾਂ ਦੇ ਵਿੱਚ ਨਾਸ ਹੈ ਇਹ
ਜਿਹਦਾ ਕੰਮ ਲੁਕਾਈ ਨੂੰ ਪੀਸੀ ਜਾਣਾ
ਲੋਕ-ਪਿਆਰ ਦੀ ਇਕ ਖਰਾਸ ਹੈ ਇਹ
ਲੋਕ-ਧ੍ਰੋਈ ਦਾ ਜਾਹਰਾ ਅਭਿਆਸ ਹੈ ਇਹ
ਭਾਰਤ ਸਿਖਰ-ਛੋਹ ਉਨਤੀ ਕਰੀ ਜਾਂਦੈ
ਬੇਤੁਕਾ, ਬੇਹੂਦਾ ਬਕਵਾਸ ਹੈ ਇਹ

ਚਲੋ ਕੱਚੇ ਮਕਾਨ ਤਾਂ ਢਾਹ ਈ ਲਏ
ਸਾਨੂੰ ਪੱਕੇ ਮਕਾਨਾਂ ਵੀ ਖਾ ਲੈਣਾ
ਬਿਜਲੀ ਸਸਤੀ ਝੋਨਾ ਤੇ ਕਣਕ ਮਹਿੰਗੇ
ਸਾਨੂੰ ਇਨ੍ਹਾਂ ਬਿਆਨਾਂ ਵੀ ਖਾ ਲੈਣਾ

ਅਰਬਾਂਪਤੀ ਲੁਟੇਰਿਆਂ ਪਾਏ ਨੇ ਜੋ
ਸਾਨੂੰ ਉਨ੍ਹਾਂ ਰੁਝਾਨਾਂ ਵੀ ਖਾ ਲੈਣਾ
ਜੋ ਵਿਦੇਸ਼ੀ ਲੁਟੇਰਿਆਂ ਖੋਲ੍ਹੀਆਂ ਨੇ
ਸਾਨੂੰ ਉਨ੍ਹਾਂ ਦੁਕਾਨਾਂ ਵੀ ਖਾ ਲੈਣਾ
ਤਾਂ ਕਿ ਲੋਕਾਂ ਤੋਂ ਧਨ ਬਟੋਰ ਹੋਵੇ
ਸ਼ਰਾਬਖਾਨੇ ਵੀ ਥਾਂ ਥਾਂ ਚਲਾਏ ਜਾਂਦੇ
ਉਨ੍ਹਾਂ ਵਿੱਚੋਂ ਨਿਕਲੇ ਗੰਦੇ ਪਾਣੀ
ਮੁੜ ਕੇ ਧਰਤੀ 'ਚ ਜਜਬ ਕਰਾਏ ਜਾਂਦੇ
ਹਾਕਮ ਅੱਖੀਂ ਵੇਖ ਕੇ ਜਰੀ ਜਾਂਦੇ
ਮਿੱਠੇ ਪਾਣੀ ਜ਼ਹਿਰੀਲੇ ਬਣਾਏ ਜਾਂਦੇ
ਸਰਬੱਤ ਲਈ ਹੀ ਜਿਹੜੇ ਕਿ ਖ਼ਤਰਾ ਨੇ
ਥਾਂ ਥਾਂ ਉਦਮੂਲ ਮਚਾਏ ਜਾਂਦੇ
ਭਾਰਤਵਰਸ 'ਚ ਦੇਸੀ ਹੁਣ ਰਹਿ ਗਿਆ
ਜਦ ਕਿ ਥਾਂ ਥਾਂ ਅੰਗ੍ਰੇਜ਼ੀਕਰਨ ਹੋ ਗਏ
ਲਛਮਣ ਭਰਤ ਵੀ ਅੱਜ ਦੇ ਹੋਰ ਹੋ ਗਏ
ਮੇਘਨਾਥ ਹੋ ਗਏ ਕੁੰਭਕਰਨ ਹੋ ਗਏ
ਚੀਰ ਲਹਿੰਦੇ ਦਰੋਪਤੀ ਪਿੱਟਦੀ ਹੈ
ਪਾਂਡੋ ਸਭਾ ਦੇ ਵਿੱਚੋਂ ਈ ਹਰਨ ਹੋ ਗਏ
ਭਾਰਤਵਰਸ ਦੇ ਦਿਨ ਕੀ ਸਿੱਧੇ ਰਹਿਣੇ
ਉਲਟੇ ਜਦੋਂ ਕਿ ਸਾਰੇ ਹੀ ਵਰਨ ਹੋ ਗਏ
ਜੇਕਰ ਆਪਾਂ ਬਚਾਉਣਾ ਲੋਚਦੇ ਜੇ
ਪੰਚਵਟੀਆਂ ਤ੍ਰਿਵੈਣੀਆਂ ਲਾਈਆਂ ਜਾਵਣ
ਛੱਪੜ ਸਰੋਵਰਾਂ ਵਿੱਚ ਬਦਲਾਉਂਦੀਆਂ ਜੋ
ਇਹੋ ਜਿਹੀਆਂ ਵਿਉਂਤਾਂ ਬਣਾਈਆਂ ਜਾਵਣ
ਕੀਟਨਾਸ਼ਕ ਦਵਾਈਆਂ 'ਚ ਸੋਧ ਕਰਕੇ
ਇੱਲ੍ਹਾਂ ਗਿਰਝਾਂ ਵੀ ਮਰਨੋਂ ਬਚਾਈਆਂ ਜਾਵਣ
ਪ੍ਰਦੂਸ਼ਣ ਦੈਂਤ ਨੂੰ ਭਾਜੜਾਂ ਪਾਉਂਦੀਆਂ ਜੋ
ਇਹੋ ਜਿਹੀਆਂ ਮੁਹਿੰਮਾਂ ਚਲਾਈਆਂ ਜਾਵਣ
ਨਿਊਡਲ ਬਰਗਰ ਵਗੈਰਾ ਵੀ ਬੰਦ ਹੋਵਣ
ਮੱਖਣ ਖਾਣ ਦਾ ਪਵੇ ਰੁਝਾਨ ਮੁੜ ਕੇ
ਹਰ ਇਕ ਰੋਗ ਦਾ ਸਹੀ ਇਲਾਜ ਲੱਭਣ
ਘਰ ਘਰ 'ਚੋਂ ਉੱਠਣ ਲੁਕਮਾਨ ਮੁੜ ਕੇ
ਮਰਦੀ ਜਾ ਰਹੀ ਭਾਰਤੀ ਸੱਭਿਅਤਾ 'ਚ

ਸਹੀ ਅਰਥਾਂ 'ਚ ਪਊ ਫਿਰ ਜਾਨ ਮੁੜ ਕੇ
ਟੀ.ਬੀ., ਦਮੇ, ਅਧਰੰਗ ਤੋਂ ਮੁਕਤ ਹੋ ਕੇ
ਬਣਨ ਛਿੰਞਾਂ ਦੇ ਮੋਲ ਜੁਵਾਨ ਮੁੜ ਕੇ
ਜਦੋਂ ਤੱਕ ਵੀ ਸਾਡੀਆਂ ਮਿਲ੍ਹਾਂ ਅੰਦਰ
ਪ੍ਰਦੂਸ਼ਣ ਰੋਕੂ ਯੰਤਰ ਨਹੀਂ ਲਾ ਹੁੰਦੇ
ਮਿੱਲ੍ਹਾਂ ਅੰਦਰ ਗੰਦੇ ਹੋਏ ਪਾਣੀ
ਸਾਫ਼ ਕਰਕੇ ਨਹੀਂ ਬਾਹਰ ਲਿਆ ਹੁੰਦੇ
ਮੋਟਰ ਕਾਰਾਂ ਦੇ ਧੂੰਏਂ ਦੀ ਸ਼ੁੱਧਤਾ ਲਈ
ਜਦੋਂ ਤੱਕ ਨਹੀਂ ਸਹੀ ਉਪਾਅ ਹੁੰਦੇ
ਸਾਡੇ ਵੱਲੋਂ ਇਹ ਦੋ ਟੁੱਕ ਫੈਸਲਾ ਹੈ
ਲੋਕ ਰੋਗਾਂ ਤੋਂ ਨਹੀਂ ਬਚਾ ਹੁੰਦੇ
ਜਦੋਂ ਤੱਕ ਅਨ੍ਹਿਆਂ ਦਾ ਰਾਜ ਰਹੂਗਾ
ਉਲਝੀ ਤਾਣੀ ਨਾ ਏਥੇ ਸੁਲਝਾ ਹੋਊ
ਲਾਠੀ ਵਾਲਾ ਈ ਮੱਝ ਲਿਜਾਂਦਾ ਰਹੂਗਾ
ਨਿਆਂ ਨਾਲ ਨਾ ਮੱਝ ਲਿਆ ਹੋਊ
ਕਲਪਤ ਸੁਰਗ ਦਾ ਜ਼ਿਕਰ ਵੀ ਹੋਊ ਥਾਂ ਥਾਂ
ਧਰਤੀ ਨਰਕ ਦੀ ਭੱਠੀ ਹੀ ਡਾਹ ਹੋਊ
ਆਬੋ ਹਵਾ 'ਚ ਜ਼ਹਿਰਾਂ ਮਿਲਾਉਣ ਵਾਲੀ
ਗੰਦੀ ਰੀਤ ਨਾ ਬੰਦ ਕਰਵਾ ਹੋਊ
ਵੱਡੇ ਸ਼ਹਿਰ ਵੀ ਪਿੰਡਾਂ ਨੂੰ ਖਾਈ ਜਾਂਦੇ
ਖਾਧੇ ਜਾਣ ਤੋਂ ਪਿੰਡ ਬਚਾਏ ਜਾਵਣ
ਰੁੱਖ ਵੱਢਣ ਦਾ ਦੌਰ ਵੀ ਖ਼ਤਮ ਹੋਵੇ
ਲੋੜ ਜੋਗੇ ਰੁੱਖ ਵੀ ਲਾਏ ਜਾਵਣ
ਆਯੁਰਵੈਦਿਕ ਫਿਰ ਪ੍ਰਫੁਲਤ ਹੋਵੇ
ਇਸ ਤਰ੍ਹਾਂ ਦੇ ਕਦਮ ਉਠਾਏ ਜਾਵਣ
ਕੈਂਸਰ, ਏਡਜ਼ ਡੂੰਘੇ ਦਫ਼ਨਾਏ ਜਾਵਣ
ਜੇਕਰ ਬਿਲਕੁਲ ਸਹੀ ਪ੍ਰਬੰਧ ਹੋਵੇ
ਇਥੇ ਪ੍ਰਿਥਵੀ ਰਾਜ ਚੌਹਾਨ ਜੰਮਣ
ਚੁਣੌਤੀ ਬਣਨ ਬਦੇਸ਼ੀ ਲੁਟੇਰਿਆਂ ਲਈ
ਇਥੇ ਮੁੜ ਕੇ ਟੀਪੂ ਸੁਲਤਾਨ ਜੰਮਣ
ਭਾਰਤਵਰਸ ਦਾ ਨਾਂ ਚਮਕਾਉਣ ਵਾਲੇ
ਰਾਮਗੜ੍ਹੀਏ ਤੇ ਨਲੂਏ ਬਲਵਾਨ ਜੰਮਣ
'ਮੰਡ' ਜਿਨ੍ਹਾਂ ਦੀ ਸਿਫ਼ਤ 'ਚ ਲਿਖੇ ਵਾਰਾਂ
ਭਗਤ ਸਿੰਘ ਜਿਹੇ ਸੁਘੜ ਸੁਜਾਨ ਜੰਮਣ

* ਪਿੰਡ ਤੇ ਡਾਕ ਦਾਨੇ ਵਾਲ, ਜਲੰਧਰ।

# ਕਾਰ ਸੇਵਾ

-ਹਰਜਿੰਦਰ ਸਿੰਘ ਸੰਧੂ*

ਇਕ ਸੇਵਾਦਾਰ ਬਾਬਾ
ਦੂਜੇ ਸੇਵਾਦਾਰ ਬਾਬੇ ਨੂੰ ਦੱਸ ਰਿਹਾ ਸੀ
ਆਪਣੇ ਕਾਰਨਾਮੇ
ਉਸ ਆਖਿਆ : ਅਸੀਂ ਨਾਨਕ ਸ਼ਾਹੀ
ਪੁਰਾਣੀਆਂ ਇੱਟਾਂ ਦੀ ਕੰਧ ਢਾਅ
ਹੁਣ ਸੰਗਮਰਮਰ ਵਿਚ ਚਿਣ ਦਿੱਤੇ ਨੇ
ਛੋਟੇ ਸਾਹਿਬਜ਼ਾਦੇ।

ਦੂਜੇ ਬਾਬੇ ਨੇ ਉਚਾਰਿਆ :
ਕਿਤੇ 'ਅਮਰੂ ਨਿਥਾਵਾਂ' ਭੁੱਲਾ ਭਟਕਿਆ
ਮੁੜ ਬਹੁੜ ਨਾ ਜਾਏ
ਇਸ ਗੱਲੋਂ ਡਰਦਿਆਂ
ਉਹ ਤਾਣੀ ਵਾਲਾ ਕਿੱਲਾ
ਜੋ ਹਰਾ ਹੋ ਗਿਆ ਸੀ
ਅਸਾਂ ਉਹ ਜੜ੍ਹਾਂ ਤੋਂ ਹੀ
ਪੁੱਟ ਘੱਤਿਆ ਏ
ਤੇ ਕਿਸੇ ਨਜ਼ਰ ਟਪਾਰੋਂ
ਡਰਦਿਆਂ ਅਸੀਂ ਉਸ ਨੂੰ
ਸੋਹਣੇ ਪੁਸ਼ਾਕੇ ਸਜਾ
ਸ਼ੀਸ਼ੇ ਦੇ ਸ਼ੋਅ ਕੇਸ ਵਿੱਚ ਬੰਦ ਕਰ ਦਿੱਤਾ ਏ॥

ਕਿਤੇ ਸਾਡੇ ਪਿਆਰੇ ਗੁਰੂ ਸਾਹਿਬ
ਇਨ੍ਹਾਂ ਨਿੱਕੇ ਨਿੱਕੇ
ਹਨ੍ਹੇਰੇ ਘਰਾਂ ਵਿੱਚ
ਰਹਿਣ ਯੋਗ ਸਨ?
ਇਸ ਲਈ ਅਸੀਂ
ਉਨ੍ਹਾਂ ਪੁਰਾਣਿਆਂ

ਤੇ ਗੰਦਿਆਂ
ਘਰਾਂ ਨੂੰ ਢਾਹ ਕੇ
ਉੱਥੇ ਸੁੰਦਰ ਸੰਗਮਰਮਰੀ
ਗੁਰਦੁਆਰੇ ਉਸਾਰ ਦਿੱਤੇ ਹਨ
ਤੇ ਹੁਣ ਗੁੰਬਦਾਂ ਉੱਪਰ
ਸੋਨਾ ਚੜ੍ਹਾ ਰਹੇ ਹਾਂ।

ਜੇ ਏਸੇ ਤਰ੍ਹਾਂ ਕੌਮ ਦੇ ਆਗੂ
ਘੁੱਗੂ ਰਹੇ ਤੇ ਸੰਗਤਾਂ ਸਾਡੇ
ਚਿੱਟੇ ਚੋਲੇ ਨੂੰ
ਮੱਥੇ ਟੇਕਦੀਆਂ ਰਹੀਆਂ
ਤਾਂ ਉਹ ਦਿਨ ਦੂਰ ਨਹੀਂ
ਜਦੋਂ ਅਸੀਂ
ਪਾਲਕੀ ਸਾਹਿਬ ਹੀਰਿਆਂ ਨਾਲ
ਜੜ ਦੇਵਾਂਗੇ ਤੇ
ਗ੍ਰੰਥ ਲੱਕੜ ਦੇ ਪੀੜ੍ਹਿਆਂ ਤੇ ਨਹੀਂ
ਸਗੋਂ ਸੋਨੇ ਦੀਆਂ ਪੇਟੀਆਂ ਵਿੱਚ
ਵਿਸ਼ਰਾਮ ਕਰਨਗੇ॥

*** ਡਰੌਇਟਿਚ - ਯੂ.ਕੇ.**
0044-7855312282

# ਕੌੜੀ ਵੇਲ

-ਕਾਮਰੇਡ ਮੇਘ ਰਾਜ ਫੌਜੀ*

ਕੌੜੀ ਵੇਲ ਵਾਂਙੂ ਵਧੀ ਜਾਂਦੇ ਐ
ਚਾਰੇ ਪਾਸੇ ਸਾਡੇ ਸ਼ਹਿਰ
ਆਲੇ ਦੁਆਲੇ ਨੂੰ ਜੱਫੀ ਪਾ ਕੇ
ਉਪਜਾਊ ਜ਼ਮੀਨਾਂ ਤੇ ਢਾਹ ਰਹੇ ਨੇ ਕਹਿਰ
ਦਰੱਖਤ, ਹਰਿਆਲੀ ਪੁੱਟ ਕੇ
ਪ੍ਰਦੂਸ਼ਨ ਦਾ ਛੱਡ ਰਹੇ ਨੇ ਜਹਿਰ
ਪੰਛੀਆਂ ਦੀ ਚਹਿਲ ਪਹਿਲ ਉਜਾੜ ਕੇ
ਕੜੱਕ ਦੀ ਕਰੀ ਜਾਂਦੇ ਨੇ ਦੁਪਹਿਰ
ਪਿੰਡਾਂ ਨੂੰ ਵੀ ਖੋਰਾ ਹੈ ਲੱਗਿਆ
ਪੰਜਾਬੀ ਸੱਭਿਅਤਾ ਨਾਲ ਕਮਾ ਰਹੇ ਨੇ ਵੈਰ
ਫਸ਼ਲਾ ਲਈ ਬੰਦ ਹੋਈ ਜਾਂਦੇ ਨੇ
ਕ੍ਰਿਸਾਣਾ ਦੇ ਸਦਾ ਲਈ ਰੱਖਣੇ ਪੈਰ
ਅਨਾਜ ਕੋਠਿਆ 'ਤੇ ਨਹੀਂ ਹੋਣਾ
ਖਾਣ ਲਈ ਬਾਹਰੋਂ ਮੰਗਣੀ ਪਊ ਖੈਰ
ਠੰਡੇ ਮਨ ਸੋਚੋ ਸ਼ਹਿਰੀਕਰਨ ਰੋਕੋ
ਪਲਾਟਾਂ 'ਚ ਅਜੇ ਬਣਨੀ ਨਹੀਂ ਨਹਿਰ

* C/o ਗੋਇਲ ਮਿੱਲ ਸਟੋਰ,
ਨੇੜੇ ਬੱਸ ਸਟੈਂਡ, ਰਾਮਪੁਰਾ ਫੂਲ
94631-48536

# ਤੇਰਾ ਸ਼ਹਿਰ

-ਕੁਲਦੀਪ ਸਿੰਘ ਬਾਂਸਲ*

ਤੇਰੇ ਸ਼ਹਿਰ ਤੇਰਾ ਹੀ ਕਹਿਰ
ਜਰ ਰਹੇ ਹਾਂ ਦਿਨ ਰਾਤ ਹਰ ਪਹਿਰ
ਕਰਦੇ ਹਾਂ ਸਤਿਕਾਰ ਫਿਰ ਵੀ ਤੇਰੇ ਸ਼ਹਿਰ
ਤੈਨੂੰ ਮੁਬਾਰਕ ਤੇਰਾ ਸ਼ਹਿਰ, ਤੇਰਾ ਸ਼ਹਿਰ
ਸੁਣਦੇ ਸਾਂ ਕਿ
ਦੁਨੀਆ ਦਾ ਸੂਰਜ ਵੀ ਚੜ੍ਹਦਾ ਪੁੱਛ ਕੇ ਤੇਰੇ ਸ਼ਹਿਰ
ਪੁੱਛ ਕੇ ਡੁੱਬਦਾ/ਲਹਿੰਦਾ ਤੇਰੇ ਸ਼ਹਿਰ
ਪਰ ਤੇਰੇ ਸ਼ਹਿਰ ਦੀ ਇਸ ਹਨੇਰੀ ਦੁਨੀਆ ਅੰਦਰ
ਨਾ ਕਦੇ ਵੇਖਿਆ ਚੜ੍ਹਦਾ ਸੂਰਜ ਨਾ ਹੀ ਦੇਖਿਆ ਡੁਬਦਾ ਸੂਰਜ
ਚੰਦ ਵੀ ਲੁਕਣ ਮੀਟੀਆਂ ਖੇਡੇ ਤੇਰੇ ਸ਼ਹਿਰ
ਨਾ ਹੀ ਦੇਖਿਆ ਟੁੱਟਦਾ ਤਾਰਾ ਤੇਰੇ ਸ਼ਹਿਰ
ਤੇਰੇ ਸ਼ਹਿਰ ਤੇਰਾ....
ਚਿੱਟੇ, ਕਾਲੇ ਪੀਲੇ
ਰੰਗ ਬਰੰਗੇ ਰੰਗ ਨੇ ਤੇਰੇ ਸ਼ਹਿਰ
ਇਨਾਂ ਰੰਗਾਂ ਕੀਤਾ ਹੈ ਸਾਨੂੰ ਬਦਰੰਗ ਤੇਰੇ ਸ਼ਹਿਰ
ਗਲ ਗਲ ਤੇ ਰੰਗ ਚਿਤਾਵਣ ਤੇਰੇ ਸ਼ਹਿਰ
ਸਾਨੂੰ ਆਪਣੇ ਰੰਗ ਦਿਖਾਵਣ ਤੇਰੇ ਸ਼ਹਿਰ
ਦੋ ਸਮੇਂ ਦੇ ਟੁੱਕਰ ਖਾਤਿਰ ਆ ਵਸੇ ਹਾਂ ਤੇਰੇ ਸ਼ਹਿਰ
ਖ਼ੂਬ ਧਨ ਮਾਲ
ਐਪਰ ਆਪਣਾ ਆਪ ਲੁਟਾਵਾਂ ਤੇਰੇ ਸ਼ਹਿਰ
ਪੱਟੀ ਬੰਨ੍ਹੀ ਅੱਖਾਂ ਉਪਰ ਫਿਰ ਰਹੇ ਹਾਂ ਸ਼ਹਿਰੋ ਸ਼ਹਿਰ
ਤੇਰੇ ਹੀ ਸ਼ਹਿਰ
ਤੇਰੇ ਸ਼ਹਿਰ ਤੇਰਾ....
ਫਿਰ ਯਾਦ ਆਉਂਦਾ ਹੈ ਆਪਣਾ ਸ਼ਹਿਰ
ਖੇਡੇ ਸਾਂ ਸੰਗ ਸਾਥੀਆਂ ਜਿਥੇ ਰਲ ਦੋ ਪਹਿਰ
ਤੇਰੇ ਸ਼ਹਿਰ 'ਚ ਤੇਰਾ ਕਹਿਰ

ਕਹਿਰ ਇੰਝ ਹੀ ਹੁੰਦਾ ਸੀ ਮੇਰੇ ਸ਼ਹਿਰ....ਫਿਰ ਵੀ....
ਤੈਨੂੰ ਮੁਬਾਰਕ ਤੇਰਾ ਸ਼ਹਿਰ, ਮੈਨੂੰ ਮੁਬਾਕਰ ਮੇਰਾ ਸ਼ਹਿਰ
ਵਸਦੇ ਰਹਿਣ ਇਹ ਦੋਵੇਂ ਸ਼ਹਿਰ
ਭਾਵੇਂ ਇੰਜ ਹੀ ਹੋਵੇ ਕਹਿਰ
ਤੇਰੇ ਸ਼ਹਿਰ ਤੇਰਾ....

*** ਕਵੈਂਟਰੀ-ਯੂ.ਕੇ.।**
**ਪਿੰਡ ਫਰਾਲਾ ਨਵਾਂਸ਼ਹਿਰ**

# ਭੱਖੜਾ

-ਕੇਹਰ ਸ਼ਰੀਫ਼*

ਭਰਿਆ ਸ਼ਹਿਰਾਂ ਦੀ ਵੀਰਾਨਗੀ
ਚੁਭਦੀ ਐ ਭੱਖੜੇ ਵਾਂਗ
ਤੁਰੀ ਜਾਂਦੀ ਭੀੜ ਦਾ ਰੌਲ਼ਾ ਵੀ
ਚੁੱਪ ਵਰਗਾ ਹੀ ਲਗਦਾ ਹੈ
ਅੰਦਰ ਉਬਲਣ ਲੱਗ ਪੈਂਦਾ ਹੈ
ਸਾਰੇ ਦਾ ਸਾਰਾ
ਲਾਵੇ ਵਾਂਗ
ਜ਼ਿਹਨ ਘੁੰਮ ਜਾਂਦਾ ਹੈ
ਭੰਬੀਰੀ ਵਾਂਗ
ਅੰਦਰੋਂ ਉੱਠਦਾ ਹੈ
ਗ਼ਮ ਦੇ ਵਰੋਲ਼ੇ ਵਰਗਾ ਕੁੱਝ
ਇਸ ਘੁੰਮਣਘੇਰੀ ਵਿਚ
ਸਾਡੇ ਨੰਗੇ ਪਿੰਡੇ 'ਤੇ ਉਗ ਆਏ
ਸਲੂਣੇ ਹੰਝ ਵਿਚੋਂ
ਪ੍ਰਗਟ ਹੋ ਜਾਂਦਾ ਹੈ
ਦੂਰ ਦਿਸਦੀ-ਅਣਦਿਸਦੀ
ਯਾਦ ਦਾ ਖੁੱਲ੍ਹਾ ਮੈਦਾਨ
ਜਿਸ 'ਤੇ ਉਭਰ ਆਉਂਦੇ ਹਨ
ਕੱਚ-ਕੁਆਰੇ ਮਰ ਗਏ ਸੁਪਨੇ
ਅਤੇ ਖਾਮੋਸ਼ ਹੋਏ
ਟੱਲੀ ਵਾਂਗ ਟਣਕਦੇ ਹਾਸੇ
ਜੀਹਦੇ ਵਿੱਚ ਟੁੱਟ ਗਈਆਂ
ਘੂਕਦਿਆਂ ਚਰਖਿਆਂ ਦੀਆਂ ਮਾਲ੍ਹਾਂ
ਬਲਦਾਂ ਦੇ ਗਲਾਂ ਦੀਆਂ ਘੁੰਗਰਾਲ਼ਾਂ
ਮੱਥੇ ਬੰਨ੍ਹੀਆਂ ਕੌਡੀਆਂ ਦੀਆਂ ਮਾਲ਼ਾਂ
ਘੁਣ ਨੇ ਖਾ ਲਏ ਹਨ ਪੰਜਾਲੀ, ਮੁਠੀਏ ਤੇ ਅਰਲਾਂ
ਸੁਹਾਗੇ ਦੀ ਪੱਤੀ ਨੂੰ ਖਾ ਗਿਆ ਜੰਗਾਲ

ਵਾਹਣ ਵੀ ਤਦੇ ਸੂਤ ਨਹੀਂ ਆਉਂਦੇ
ਮਾਂ ਦੀਆਂ ਪੇਕਿਆਂ ਤੋਂ ਲਿਆਂਦੀਆਂ
ਸੋਨੇ ਰੰਗੀਆਂ ਹੱਥੀਂ ਕੱਢੀਆਂ ਫੁਲਕਾਰੀਆਂ
ਪਸ਼ੂਆਂ ਦੇ ਸਿਆਲੂ ਝੁੱਲ ਬਣਕੇ
ਕਦੋਂ ਦੀਆਂ ਰਲ ਗਈਆਂ ਹਨ
ਕੂੜੇ ਦੇ ਢੇਰ ਵਿੱਚ
ਭੈਣਾਂ ਦੀਆਂ ਚਾਵਾਂ ਨਾਲ ਕੱਢੀਆਂ
ਦਸੂਤੀ ਦੀਆਂ ਚਾਦਰਾਂ
ਹੁਣ ਸਮੇਂ ਦੇ ਮੇਚ ਨਹੀਂ ਰਹੀਆਂ
ਘਰਾਂ ਦੇ ਭੜੋਲੇ, ਗੋਹਲੇ, ਮੂਹੜੇ, ਬੋਹੀਏ ਤੇ ਪੱਖੀਆਂ
ਪਹੁੰਚ ਗਏ ਹਨ
ਸ਼ਹਿਰ ਦੇ ਮਿਊਜ਼ੀਅਮ ਵਿੱਚ
ਜਿੱਥੇ ਉਨ੍ਹਾਂ ਨੂੰ ਦੇਖਣ ਵਾਸਤੇ
ਸਾਡੇ ਬੱਚਿਆਂ ਨੂੰ
ਦਾਖਲਾ ਫੀਸ ਤਾਰਨੀ ਪੈਂਦੀ ਹੈ
ਪਤਾ ਨਹੀਂ ਇਹ ਹੀ ਹੁੰਦਾ ਹੈ
ਨਵੇਂ ਯੁੱਗ ਦਾ ਵੱਡਾ ਦਰਵਾਜ਼ਾ
ਜਾਂ ਉੱਤਰ-ਆਧੁਨਿਕੀ 'ਪ੍ਰਵੇਸ਼ ਦੁਆਰ'
ਜਿੱਥੇ ਸੜ-ਜਾਂਦੀਆਂ ਹਨ
ਬਾਲ ਮਨਾਂ ਦੀਆਂ ਸੱਧਰਾਂ
ਬਾਬੇ-ਦਾਦੀ ਦੀਆਂ ਸੁਣਾਈਆਂ ਸੱਚੀਆਂ ਕਹਾਣੀਆਂ
ਵੀ ਝੂਠ ਲਗਦੀਆਂ ਹਨ
ਫੇਰ ਸਵਾਲ ਦਰ ਸਵਾਲ ਜੰਮਦੀਆਂ ਹਨ
ਮੱਥੇ ਦੀਆਂ ਤੀਉੜੀਆਂ
ਅਤੇ ਨਵੇਂ ਜੰਮੇ ਸਵਾਲ
ਚੁਭਦੇ ਹਨ, ਭੱਖੜੇ ਵਾਂਗ
ਸਾਡੇ ਮੱਥੇ ਵਿੱਚ

# ਲੋਕ ਰਾਜ?

-ਕੁਲਵੰਤ ਜਗਰਾਉਂ*

ਇਹ ਕਿਸ ਤਰ੍ਹਾਂ ਦਾ ਲੋਕ ਰਾਜ
ਕਿਸ ਤਰ੍ਹਾਂ ਦੀ ਆਜ਼ਾਦੀ ਹੈ
ਗੁਦਾਮਾਂ ਵਿੱਚ ਸੜ ਰਿਹਾ ਹੈ ਅਨਾਜ
ਪਰ ਕਰੋੜਾਂ ਲੋਕਾਂ ਨੂੰ
ਦੋ ਡੰਗ ਰਜਵੀਂ ਰੋਟੀ ਵੀ
ਨਹੀਂ ਹੁੰਦੀ ਨਸੀਬ
ਕਪੜੇ ਦਾ ਕੋਈ ਅੰਤ ਨਹੀਂ
ਪਰ ਅਣਗਿਣਤ ਔਰਤਾਂ ਨੂੰ
ਤਨ ਢੱਕਣ ਲਈ
ਕੋਈ ਕਪੜਾ ਨਹੀਂ ਮਿਲਦਾ
ਆਲੀਸ਼ਾਨ ਕੋਠੀਆਂ,
ਅੰਬਾਰਾਂ ਨੂੰ ਛੂੰਹਦੀਆਂ ਇਮਾਰਤਾਂ
ਤਿੰਨ ਤਾਰਾ, ਪੰਜ ਤਾਰਾ ਹੋਟਲਾਂ ਦੀ ਗਿਣਤੀ
ਦਿਨੋ ਦਿਨ ਵਧ ਰਹੀ ਹੈ
ਪਰ ਗੰਦੀਆਂ ਬਸਤੀਆਂ ਵਿੱਚ
ਬੇਅੰਤ ਲੋਕ ਕੁਰਬਲ ਕੁਰਬਲ ਕਰ ਰਹੇ ਨੇ
ਇਨ੍ਹਾਂ ਤੋਂ ਵੀ ਬਦਨਸੀਬ ਹਨ
ਉਹ ਲੱਖਾਂ ਕਰੋੜਾਂ
ਜਿਨ੍ਹਾਂ ਦੇ ਸਿਰਾਂ 'ਤੇ ਕੋਈ ਛੱਤ ਨਹੀਂ
ਕੜਾਕੇ ਦੀ ਠੰਡ ਪਾਲੇ ਵਿੱਚ ਵੀ
ਜੋ ਰਾਤਾਂ ਨੂੰ ਪਏ ਰਹਿੰਦੇ ਨੇ ਫੁੱਟ ਪਾਥਾਂ 'ਤੇ
ਜਾਂ ਪੁੱਲਾਂ ਹੇਠ, ਸਟੇਸ਼ਨਾਂ, ਗੱਡਿਆਂ ਤੇ
ਛੱਜਿਆਂ ਥੱਲੇ
ਛਾਤੀ ਨਾਲ ਗੋਡੇ ਲਾ
ਫਟੀ ਪੁਰਾਣੀ ਚਾਦਰ ਵਿੱਚ
ਪਰ ਮੇਰੇ ਦੇਸ਼ ਦੇ ਦੰਭੀ ਭ੍ਰਿਸ਼ਟ ਲੀਡਰ
ਕਰ ਰਹੇ ਨੇ ਮੌਜਾਂ
ਦੇ ਰਹੇ ਨੇ ਦੇਸ਼ ਦੀ ਤਰੱਕੀ
ਤੇ ਖੁਸ਼ਹਾਲੀ ਦੇ ਫੋਕੇ ਬਿਆਨ

ਭਰ ਰਹੇ ਨੇ ਆਪਣੇ ਵਿਦੇਸ਼ੀ ਬੈਂਕਾਂ ਦੇ ਖਾਤੇ
ਜਿਨ੍ਹਾਂ ਦੀਆਂ ਵੋਟਾਂ ਸਦਕੇ
ਉਹ ਰਾਜ ਸੱਤਾ 'ਚ ਆਏ ਨੇ
ਉਹ ਭੁੱਖੇ ਮਰ ਰਹੇ ਨੇ
ਪਾਲੇ ਠਰ ਰਹੇ ਨੇ
ਧੁੱਪ ਵਿੱਚ ਸੜ ਰਹੇ ਨੇ
ਮੰਦਹਾਲੀ ਗਰੀਬੀ ਦੀ ਚੱਕੀ ਵਿੱਚ
ਪਿਸ ਰਹੇ ਨੇ ਉਹ ਤੇ ਉਹਨਾਂ ਦੇ ਜੀਅ
ਪਰ ਲੀਡਰਾਂ ਨੂੰ ਇਹਨਾਂ ਨਾਲ ਕੀ
ਇਹਨਾਂ ਨੂੰ ਤਾਂ ਫਿਕਰ ਹੈ
ਸਰਮਾਏਦਾਰਾਂ ਦੇ ਹੱਕਾਂ ਦਾ
ਜਿਨ੍ਹਾਂ ਤੋਂ ਮਿਲਦੇ ਨੇ ਇਹਨਾਂ ਨੂੰ ਕਰੋੜਾਂ ਰੁਪਏ
ਚੋਣਾਂ ਸਮੇਂ
ਲੋਕਾਂ ਨੂੰ ਮਾਈ ਬਾਪ ਕਹਿ
ਸਬਜ਼ ਬਾਗ਼ ਦਿਖਾ, ਲਾਰੇ ਲਾ
ਜ਼ਾਤਾਂ ਧਰਮਾਂ ਦੇ ਨਾਂ ਤੇ
ਆਪਸ ਵਿੱਚ ਲੜਾ
ਪੈਸੇ ਨਸ਼ਿਆਂ ਨਾਲ ਭਰਮਾ
ਜੇ ਕੁਝ ਹੋਰ ਨਾ ਚੱਲੇ ਤਾਂ
ਲਾਠੀ ਗੋਲੀ ਨਾਲ ਧਮਕਾ
ਲੀਡਰ ਤਾਂ ਵੋਟਾਂ ਹਥਿਆਉਣੀਆਂ ਜਾਣਦੇ ਹਨ
ਕੁਰਬਾਨੀ ਦੇਸ਼ ਸੇਵਾ ਲੋਕ ਸੇਵਾ ਨੂੰ
ਨੀਚ ਸਿਆਸਤਦਾਨਾਂ ਦਫ਼ਨਾ ਦਿੱਤਾ ਹੈ
ਡੂੰਘੀ ਕਬਰ ਵਿੱਚ
ਤੇ ਬਣਾ ਦਿੱਤਾ ਹੈ ਸਿਆਸਤ ਨੂੰ
ਖੁੱਲ੍ਹ ਕੇ ਲੁੱਟਣ ਦਾ ਜਾਇਜ਼ ਧੰਦਾ
ਜਿਸ ਦੇ ਤੰਦੂਏ ਜਾਲ ਦੀ ਜਕੜ ਵਿੱਚ
ਆ ਚੁੱਕਾ ਹੈ ਮੇਰਾ ਦੇਸ਼
ਇਹ ਸਭ ਕੁਝ ਵੇਖ
ਨਿਰਾਸ਼ਾ ਦੇ ਹਨੇਰੇ ਵਿੱਚ ਜਦ ਡਿਗ ਪੈਂਦਾ ਹਾਂ
ਤਾਂ ਸਰਾਭਾ, ਭਗਤ, ਊਧਮ ਸਿੰਘ
ਮੈਨੂੰ ਸੁਪਨੇ 'ਚ ਆ ਕੇ ਆਖਦੇ ਨੇ
ਸ਼ਾਇਰਾ ਹਿੰਮਤ ਕਰ ਉੱਠ ਕਲਮ ਚੁੱਕ
ਅਸਲੀ ਆਜ਼ਾਦੀ ਦੀ ਲੜਾਈ
ਹੁਣ ਛੇਤੀ ਸ਼ੁਰੂ ਹੋਣ ਵਾਲੀ ਹੈ

# ਕਵਿਤਾ

-ਕਰਤਾਰ ਸਿੰਘ ਕਾਲੜਾ*

ਸੜਕ ਦਾ, ਕੋਠੀ ਮੁਹੱਲੇ ਦਾ, ਅਡੰਬਰ ਛੋੜ ਦੇ।
ਡਾਇਰੀ ਵਿੱਚ ਹੁਣ ਪਤੇ ਲਈ, ਫੋਨ ਨੰਬਰ ਛੋੜ ਦੇ।

ਮਸਨਵੀ ਹੁਣ ਕਿਰਤ ਦੇ ਨਾਂ ਦੀ ਹੀ ਲਿਖ ਕੇ ਸਰੇਗਾ,
ਫੁਸਫੁਸ ਮਜ਼ਮੂਨ ਹੁਣ, ਦਾਰਾ ਸਿਕੰਦਰ ਛੋੜ ਦੇ।

ਹੇ ਖ਼ੁਦਾ! ਤੂੰ ਨਾ-ਖ਼ੁਦਾ ਨੂੰ ਅਕਲ ਦੇ ਲੋਕਾਂ ਲਈ,
ਬਹਿਣ ਨੂੰ ਕੁਝ ਧਰਤਿ, ਸਿਰ ਢਕਣ ਨੂੰ ਅੰਬਰ ਛੋੜ ਦੇ।

ਮਜ਼੍ਹਬ ਦੇ ਨਾਂ 'ਤੇ ਨਵਾਂ ਨਿੱਤ ਨਾ ਘਚੋਲਾ ਮੁੜ ਪਵੇ,
ਰੱਬ ਵਰਗਾ ਸਾਬਤਾ, ਬੰਦੇ ਦਾ ਅੰਦਰ ਛੋੜ ਦੇ।

ਜੀਵ ਕੁਦਰਤ ਦੇ ਵੀ ਕੁਦਰਤ ਰੱਬ ਦੀ ਨੇ ਬੰਦਿਆ,
ਉਨ੍ਹਾਂ ਲਈ ਜੰਗਲ ਕੋਈ ਪਰਬਤ ਦੀ ਕੁੰਦਰ ਛੋੜ ਦੇ।

ਬੁੱਤ ਪ੍ਰਸਤੀ ਦੇ ਤੇ ਬੁੱਤ ਸ਼ਿਕਨੀ ਦੇ ਚੱਕਰੋਂ ਮੁਕਤ ਹੋ,
ਬਾਬਰੀ ਮਸਜਿਦ ਦਾ ਝੇੜਾ, ਰਾਮ ਮੰਦਰ ਛੋੜ ਦੇ।

ਨਾ ਨਚਾ 'ਕਰਤਾਰ' ਬੰਦੇ ਨੂੰ ਤੂੰ ਉਂਗਲਾਂ ਉੱਪਰ,
ਨੱਚਣੇ ਨੂੰ ਹੁਣ ਮਦਾਰੀ ਕੋਲ ਬੰਦਰ ਛੋੜ ਦੇ।

* 224, ਪਾਂਡੂਸਰ ਨਾਭਾ-147201
ਪਟਿਆਲਾ।

# ਛੱਪਰੀ

-ਕੇਵਲ ਕ੍ਰਿਸ਼ਨ 'ਕਿਸ਼ਨਪੁਰੀ'*

ਚਾਵਾਂ ਨਾਲ ਬੰਨ੍ਹਿਆ ਗਿਆ ਮੈਨੂੰ
ਸੋਹਣੀ ਸਲੇਟੀ ਲੰਮੀ ਮੁੰਜ ਨਾਲ
ਰੋਮ ਰੋਮ ਬੰਨ੍ਹਿਆ ਗਿਆ ਮੇਰਾ
ਹੇਠ ਪਏ ਸਭ ਜੀਆਂ ਨੂੰ
ਮੈਂ ਸਾਂ ਢਕਦੀ
ਇਕ ਕਣੀਂ ਵੀ ਪਿੰਡੇ ਤੇ ਨਾ ਪੈਣ ਦਿੰਦੀ
ਚਾਹੇ ਇਕ ਦਿਨ ਦਾ ਹੋਵੇ ਬੱਚਾ
ਜਾਂ ਹੋਵੇ ਸੌ ਸਾਲ ਦਾ ਬੁੱਢਾ
ਸਾਰਿਆਂ ਨੂੰ ਨਿੱਘ ਦਿੰਦੀ ਆਪ ਕੋਰੇ ਨਾਲ ਠਰਦੀ
ਮੀਂਹ ਝੱਖੜਾਂ ਨਾਲ ਜੂਝਦੀ, ਭਿੱਜਦੀ
ਸੂਰਜ ਦੀ ਤਪਸ਼ ਸਹਿੰਦੀ
ਐਪਰ ਸਭ ਦਾ ਬਚਾਅ ਕਰਦੀ
ਪਰ ਹੁਣ.....
ਥੰਮੀਆਂ ਦੀ ਮੁਥਾਜ ਬਣੀ ਹਾਂ
ਬੁੱਢੀ ਹੋ ਗਈ ਹਾਂ
ਥੰਮੀਆਂ ਵੀ ਜਵਾਬ ਦੇ ਰਹੀਆਂ ਹਨ
ਖਸ ਦੇ ਨਵੇਂ ਪੂਲਿਆਂ ਤੋਂ
ਫੂਸ ਜਿਹਾ ਬਣ ਗਿਆ ਤੀਲਾ-ਤੀਲਾ
ਨਾ ਢਕ ਸਕਦੀ ਨਾ ਬਚਾਅ ਸਕਦੀ ਹਾਂ
ਖਿੰਡਰ ਗਈ ਹਾਂ ਮੈਂ ਹੁਣ
ਹੁਣ ਤਾਂ ਖਿੱਚ ਰਹੇ ਨੇ ਲੋਕੀ ਫੂਸ
ਢਾਂਡੀ ਲਾ ਸੇਕਣ ਲਈ
ਸ਼ਾਇਦ ਆਖਰੀ ਸਮਾਂ ਆ ਗਿਐ
ਉਡ ਰਹੀ ਹਨੇਰੀਆਂ ਸੰਗ
ਬਚਦਾ ਨਹੀਂ ਦਿਸਦਾ ਕੁਝ
ਮੈਂ ਲੱਭਾਂ ਆਪਣੇ ਰਾਖੇ....
ਮੈਂ ਲੱਭਾਂ ਆਪਣੇ ਰਾਖੇ.....

# 349, ਪਿੰਡ ਦੜੂਆ, ਚੰਡੀਗੜ੍ਹ (ਯੂ.ਟੀ.) ਫੋਨ : 99885-16443

# ਪੱਛਮ

-ਕੰਵਲਜੀਤ ਸਾਹਿਲ*

ਟਕਿਆਂ ਦੇ ਇਸ
ਜੰਗਲ ਅੰਦਰ
ਬੰਦਾ ਇੱਕ 'ਵਸਤ'
ਵਿਕਾਊ।
..................
ਟਾਵੀਂ ਟਪਲੀ ਰੂਹ
ਅੱਖਾਂ ਝਪਕਦੀ.....।

# ਸ਼ਹਿਰ ਮੇਰੇ ਦੀਆਂ ਕੁੜੀਆਂ

-ਖੁਸ਼ਵੰਤ ਕੰਵਲ*

ਸ਼ਹਿਰ ਮੇਰੇ ਦੀਆਂ ਕੁੜੀਆਂ ਵੀ ਕੀ ਕੁੜੀਆਂ ਨੇ।
ਸਭ ਕੁਝ ਹੁੰਦਿਆਂ ਸੁੰਦਿਆਂ ਫਿਰ ਵੀ ਥੁੜ੍ਹੀਆਂ ਨੇ।

ਕੁਝ ਨਿਰਦੋਸ਼ਾਂ ਕੁੱਖਾਂ ਵਿੱਚ ਕਤਲ ਹੋਈਆਂ,
ਕੁਝ ਨਦੀਆਂ ਤੇ ਨਾਲਿਆਂ ਦੇ ਵਿੱਚ ਰੁੜ੍ਹੀਆਂ ਨੇ।

ਕੁੜੀਆਂ ਦੀ ਹੁਣ ਨਸਲ ਮੁਕਾ ਹੀ ਛੱਡਦੇ ਹਾਂ,
ਲੱਗਦੈ ਮਤਾ ਪਕਾਇਆ ਨਰਸਾਂ ਬੁੜ੍ਹੀਆਂ ਨੇ।

ਫਿਰ ਕੋਈ ਕੰਜਕ ਲਗਦੀ ਹੈ ਕਿ ਹਾਰ ਗਈ,
ਰੇਲ ਦੀਆਂ ਲੀਹਾਂ ਤੇ ਭੀੜਾਂ ਜੁੜੀਆਂ ਨੇ।

ਕੁੜੀਆਂ ਤਾਂ ਜਿਉਂ ਰੁੱਖੀਂ ਬੈਠੀਆਂ ਨੇ ਚਿੜੀਆਂ,
ਹੁਣ ਉੜੀਆਂ ਹੁਣ ਉੜੀਆਂ ਕਿ ਹੁਣ ਉੜੀਆਂ ਨੇ।

ਆਲ੍ਹਣਿਆਂ ਵਿੱਚ ਬੋਟ ਰਹੇ ਰਾਹ ਤੱਕਦੇ ਹੀ,
ਪਰ ਕੁਝ ਕੂੰਜਾਂ ਉੜੀਆਂ ਮੁੜ ਨਾ ਮੁੜੀਆਂ ਨੇ।

* 22- ਨਿਊ ਪ੍ਰਭਾਤ ਐਵੇਨਿਊ
ਨਿਰੰਕਾਰੀ ਕਾਲੋਨੀ
ਅੰਮ੍ਰਿਤਸਰ 143001
ਫੋਨ : 098883-97635

# ਸ਼ਹਿਰ

-ਗੁਰਸੇਵਕ ਸਿੰਘ ਛੋਟਾ*

ਤੇਰੇ ਸ਼ਹਿਰ 'ਚ ਉਦਾਸੀ ਕਾਲੀ ਰਾਤ ਸੁੰਨਸਾਨ ਏ
ਚਿਰਾਂ ਪਿੱਛੋਂ ਆਇਆ ਉਹੀ ਤੇਰਾ ਮਹਿਮਾਨ ਏ।

ਸਿੱਲ੍ਹੇ ਦੀਦਿਆਂ 'ਚ ਦੂਰ ਆਸ ਇਕ ਜਗਦੀ
ਲੈ ਕੇ ਦਿਲ ਵਿੱਚ ਉਹੀ ਯਾਦਾਂ ਦਾ ਤੂਫਾਨ ਏ।

ਕਿਸ ਕੋਲੋਂ ਪੁੱਛਾਂ ਮੈਂ ਉਦਾਸੀ ਤੇਰੇ ਸ਼ਹਿਰ ਦੀ
ਹਮਰਾਜ਼ ਨੂੰ ਅੱਜ ਹੋਣਾ ਪੈ ਗਿਆ ਅਣਜਾਣ ਏ।

ਕਿਧਰੇ ਲੱਭਦਾ ਨਾ ਅੰਬਰਾਂ ਦਾ ਚੰਨ ਮੈਨੂੰ ਸੱਜਣਾ
ਕਰ ਗਿਆ ਧੋਖਾ ਉਹ ਵੀ ਬੜਾ ਬੇਈਮਾਨ ਏ।

ਉਪਰੇ ਹੀ ਲੱਗਦੇ ਨੇ ਸਭ ਚਿਹਰੇ ਮੈਨੂੰ ਤਾਂ
ਮੁੱਕ ਚੱਲੀ ਰਾਤ ਹੋਇਆ ਨਾ ਕੋਈ ਪਹਿਚਾਣ ਏ।

ਘਰਾਂ ਅੱਗੇ ਲੱਗੇ ਸਿਰਨਾਵੇਂ ਪੜ੍ਹ ਪੜ੍ਹ ਲੰਘਾਂ ਮੈਂ
ਲੱਭਿਆ ਨਾ ਉਹਨਾਂ ਵਿੱਚੋਂ ਮੈਨੂੰ ਆਪਣਾ ਮੁਕਾਮ ਏ।
'ਛੋਟਾ' ਆਇਆ ਸ਼ਹਿਰ ਤੇਰੇ ਉਹ ਖੁਸ਼ੀ ਕਿਉਂ ਨਹੀਂ

* ਕੋਟਲਾ ਚਾਹਲ, ਗੁਰਦਾਸਪੁਰ।
ਕਵੈਂਟਰੀ ਸ਼ਹਿਰ - ਯੂ.ਕੇ.।

# ਸ਼ਹਿਰਾਂ ਵਿੱਚ ਗੁਆਚ ਗਏ ਹਾਂ

-ਗੁਰਭਜਨ ਗਿੱਲ*

ਸ਼ਹਿਰੋਂ ਪਿੰਡ ਦਾ ਕਿੰਨਾ ਪੈਂਡਾ,
ਰੋਜ਼ ਦਿਹਾੜੀ ਵਧ ਜਾਂਦਾ ਹੈ।
ਇਸ ਦਾ ਮੈਨੂੰ ਇਲਮ ਨਹੀਂ ਸੀ।
ਇਹ ਤਾਂ ਮੈਨੂੰ ਅਚਨਚੇਤ ਚਿੜੀਆਂ ਨੇ ਦੱਸਿਆ।
ਜਿਨ੍ਹਾਂ ਨੂੰ ਮੈਂ ਕਮਰੇ ਵਿੱਚੋਂ ਬਾਹਰ ਕਰਨ ਲਈ,
ਦੂਰ ਬੜੀ ਹੀ ਦੂਰ ਦੁਰਾਡੇ ਨਿਕਲ ਗਿਆ ਸਾਂ।

ਅੱਗੇ ਜਦ ਫਿਰ ਖੇਤ ਅਤੇ ਲਹਿਰਾਉਂਦੀਆਂ ਫ਼ਸਲਾਂ ਨਜ਼ਰੀਂ ਪਈਆਂ,
ਚੇਤੇ ਆਇਆ।
ਮੈਂ ਆਪਣੇ ਮਾਂ ਬਾਪ ਬਿਰਖ਼ ਤੇ ਚਾਚੇ ਤਾਏ?
ਕਿੰਨੇ ਸੁੱਚੇ ਰਿਸ਼ਤੇ ਪਿੱਛੇ ਛੱਡ ਆਇਆ ਹਾਂ।

ਜਿਸ ਮਾਂ ਮੈਨੂੰ ਦੁੱਧ ਚੁੰਘਾਇਆ,
ਚਾਚੀ ਦੀਪਾਂ ਸਚਮੁੱਚ ਕਿੰਨਾ ਲਾਡ ਲਡਾਇਆ
ਕਰ ਕਰ ਕੇ ਅਰਦਾਸਾਂ ਪੜ੍ਹਨ ਸਕੂਲੇ ਪਾਇਆ,
ਜਦ ਖੰਭਾਂ ਵਿੱਚ ਉੱਡਣ ਜੋਗੀ ਸ਼ਕਤੀ ਆਈ,
ਜੰਮਣ-ਭੂਮੀ ਬਣੀ ਪਰਾਈ।

ਮੇਰੇ ਭੈਣ-ਭਰਾ ਜੋ ਮੇਰੇ ਮਾਂ ਪਿਉ ਜਾਏ।
ਜਾਂ ਉਹ ਲੋਕ ਜਿਨ੍ਹਾਂ ਨੂੰ ਵੀ ਮੈਂ ਆਪਣੇ ਕਹਿੰਦਾ।
ਦੂਰ ਦੁਰਾਡੇ ਚੋਗ ਕਮਾਵਣ ਤੁਰ ਗਏ ਸਾਰੇ।
ਮਾਂ ਕਹਿੰਦੀ ਹੈ ਪੜ੍ਹ ਲਿਖ ਕੇ ਹੋ ਗਏ ਨਿਕਾਰੇ।

ਨਿੱਕੇ ਹੁੰਦਿਆਂ ਜੋ ਹੁੰਦੇ ਸੀ ਮਿੱਤਰ ਬੇਲੀ,
ਰਾਹ ਖਹਿੜੇ ਹੁਣ ਜਦ ਮਿਲਦੇ ਨੇ।
ਏਹੋ ਆਖਣ ਕਦ ਆਵੇਂਗਾ,
ਮੇਰੀ ਚੁੱਪ ਨੂੰ ਸਮਝਣ, ਮਾਰਨ ਸਦਾ ਨਿਹੋਰੇ।

ਜ਼ਿੰਦਗੀ ਬੇਤਰਤੀਬੀ ਤੁਰਦੀ ਆਪਣੀ ਤੋਰੇ।

ਏਸ ਸ਼ਹਿਰ ਵਿੱਚ ਦੱਸੋ ਕਿਸ ਦੇ ਨਾਲ ਮੈਂ ਆਪਣਾ ਨੇੜ ਬਣਾਵਾਂ,
ਜਿਸ ਨੂੰ ਦਿਲ ਦੀ ਬਾਤ ਸੁਣਾ ਕੇ ਹੌਲਾ ਫੁੱਲ ਹੋ ਜਾਵਾਂ।
ਸਰਹੱਦ ਤੋਂ ਬਸ ਕੁਝ ਗਿੱਠਾਂ ਹੀ ਉਰਲੇ ਪਾਸੇ,
ਮੇਰਾ ਪਿੰਡ ਬਸੰਤ ਕੋਟ ਹੈ।
ਜਿਸਦੇ ਚਾਰ-ਚੁਫ਼ੇਰੇ ਫਸਲਾਂ ਪਸਰੀ ਹੈ ਹਰਿਆਲੀ।
ਕਿੰਨੀ ਸੋਹਣੀ ਲੱਗਦੀ ਸੀ ਜਦ ਸੁਬਹ ਸਵੇਰੇ ਉੱਠ ਪੈਂਦੇ ਸਾਂ,
ਚੜ੍ਹਦੀ ਗੁੱਠੇ ਉਗਮ ਰਹੇ ਸੂਰਜ ਦੀ ਲਾਲੀ।
ਖੂਹ ਨੂੰ ਜਾਂਦਿਆਂ ਵਗਦੇ ਜਦੋਂ ਹਵਾ ਦੇ ਬੁੱਲੇ।
ਮੈਨੂੰ ਉਹ ਅੱਜ ਤੀਕ ਨਾ ਭੁੱਲੇ।

ਕੱਚੇ ਘਰ ਦੇ ਕੋਠੇ ਜਾਂ ਫਿਰ ਉੱਘੜ ਦੁੱਘੜੀ ਛੱਤ ਦੇ ਹੇਠਾਂ,
ਕਿੰਨੀ ਸੋਹਣੀ ਨੀਂਦਰ ਆਉਂਦੀ।
ਰੌਸ਼ਨਦਾਨ ਖਿੜਕੀਆਂ ਦੇ ਖੁੱਲ੍ਹੇ ਬੂਹੇ 'ਚੋਂ,
ਝੁਰਮਟ ਪਾ ਕੇ ਚਿੜੀਆਂ ਦੀ ਇਕ ਡਾਰ ਜੇ ਆਉਂਦੀ।
ਛੱਤਣ ਦੇ ਵਿੱਚ ਤੀਲ੍ਹੇ ਟੁੰਗ ਕੇ ਘਰ ਬਣਾਉਂਦੀ।
ਆਂਡੇ ਦੇਂਦੀ ਤੇ ਮੁੜ ਜਾਂਦੀ,
ਕੁਝ ਦਿਨ ਮਗਰੋਂ ਬੋਟ ਅਲੂੰਏਂ ਜਦੋਂ ਨਿਕਲਦੇ,
ਖ਼ੁਦ ਉਨ੍ਹਾਂ ਨੂੰ ਚੋਗ ਚੁਗਾਉਂਦੀ।

ਹੁਣ ਇਸ ਸ਼ਹਿਰ 'ਚ ਚਿੜੀਆਂ ਵਰਗੀਆਂ ਚਿੜੀਆਂ ਉੱਡਣ,
ਪਰ ਮੇਰੇ ਘਰ ਪੈਰ ਨਾ ਪਾਵਣ।
ਜਾਲੀ ਦਾ ਹਰ ਥਾਂ ਤੇ ਨਾਕਾ,
ਨਾ ਖਿੜਕੀ ਨਾ ਬੂਹਾ ਖੁੱਲ੍ਹਾ।
ਰੌਸ਼ਨਦਾਨ ਦਾ ਸ਼ੀਸ਼ਾ ਬੰਦ ਹੈ।
ਬਰਸਾਤਾਂ ਵਿੱਚ ਜਾਂ ਫਿਰ ਗੂੜ੍ਹੇ ਸਰਦ-ਸਿਆਲੇ,
ਬਾਹਰ ਠਰਦੀਆਂ ਰਹਿਣ ਮਰਦੀਆਂ ਗੂੜ੍ਹੇ-ਪਾਲੇ।
ਅੰਦਰ ਆਉਣਾ ਵਰਜਿਤ ਹੋਇਆ,
ਚਿੜੀਆਂ ਮੈਥੋਂ, ਮੈਂ ਚਿੜੀਆਂ ਤੋਂ ਦੂਰ ਖੜਾਂ ਹਾਂ।

ਸੋਚ ਰਿਹਾ ਹਾਂ,
ਇਹ ਤਾਂ ਅੰਬਰੀਂ ਵੇਖੋ ਕਿੱਦਾਂ ਭਰਨ ਉਡਾਰੀ।

ਮੈਂ ਸੀਖ਼ਾਂ ਵਿੱਚ ਕੈਦ, ਜਾਲੀਆਂ ਅੰਦਰ ਬੰਦ ਹਾਂ।
ਜੀਵਨ ਕੈਦੀ ਬਣ ਗਿਆ ਸੁਪਨੇ ਨਿੱਕੇ ਹੋਏ।
ਦਸ ਮਰਲੇ ਦੀ ਚਾਰ-ਦੀਵਾਰੀ।
ਦੋ ਤਿੰਨ ਕਮਰੇ ਮੰਜੇ ਪੀੜ੍ਹੇ,
ਕੁਰਸੀ ਮੇਜ਼ ਕਿਤਾਬਾਂ ਟੀ ਵੀ।
ਜਾਂ ਫਿਰ ਜਦੋਂ ਰਸੋਈ ਵਿੱਚੋਂ ਵਿਹਲੀ ਹੋਵੇ ਮੇਰੀ ਬੀਵੀ।
ਬੱਚਿਆਂ ਨੂੰ ਤਾਂ ਕੰਪਿਊਟਰ ਤੋਂ ਵਿਹਲ ਨਹੀਂ ਹੈ,
ਆਵਾਜਾਈ ਤੇਜ਼ ਮੋਟਰਾਂ ਸੜਕ ਸਵਾਰੀ।
ਵਾਹੋ ਦਾਹੀ ਕਾਰ ਸਕੂਟਰਾਂ ਨੇ ਮੱਤ ਮਾਰੀ।
ਚਾਕਰੀਆਂ ਦੇ ਡੇਰੇ ਉੱਤੇ,
ਕੁਰਸੀਆਂ ਮੇਜ਼ ਉਡੀਕਣ ਮੈਨੂੰ।

ਕਈ ਵਾਰੀ ਤਾਂ ਇਉਂ ਲੱਗਦਾ ਹੈ,
ਯੰਤਰ ਬਣ ਕੇ ਵਿਚਰ ਰਿਹਾ ਹਾਂ।
ਖ਼ੌਰੇ ਕਿੱਥੇ ਗਰਕ ਗਿਆ ਹੈ,
ਮੇਰੇ ਵਿਚਲਾ ਜਿਉਂਦਾ ਬੰਦਾ।
ਜਿਉਂ ਜੰਮੇ ਹਾਂ ਨਿੱਤ ਕਿਰਿਆ ਦਾ ਓਹੀ ਧੰਦਾ।

ਕਦੇ ਕਦਾਈਂ ਜਦ ਕਿਧਰੇ ਕਿਤੇ ਭੁੱਲ ਭੁਲੇਖੇ,
ਘਰ ਦਾ ਬੂਹਾ ਜਾਂ ਕਿਧਰੇ ਖਿੜਕੀ ਦਾ ਸ਼ੀਸ਼ਾ,
ਅਤੇ ਜਾਲੀਆਂ ਅਚਨਚੇਤ ਖੁੱਲ੍ਹੀਆਂ ਰਹਿ ਜਾਵਣ।
ਇਕ ਦੋ ਚਿੜੀਆਂ ਅੰਦਰ ਆ ਕੇ,
ਸ਼ੀਸ਼ੇ ਉੱਤੇ ਆਪੋ ਆਪਣਾ ਅਕਸ ਨਿਹਾਰਨ।
ਆਪਣੇ ਹੀ ਪਰਛਾਵੇਂ ਉੱਤੇ ਠੂੰਗੇ ਮਾਰਨ।

ਇਉਂ ਲੱਗਦੈ ਇਹ ਮੇਰੀ ਖਾਤਰ,
ਮੇਰੇ ਨਿੱਕੇ ਪਿੰਡੋਂ ਵੱਡੇ ਸੁਪਨੇ ਲੈ ਕੇ ਉੱਡਦੀਆਂ ਆਈਆਂ।
ਕਦੇ ਇਸ ਤਰ੍ਹਾਂ ਲੱਗਦਾ ਜੀਕੂੰ ਪੁੱਛ ਰਹੀਆਂ ਨੇ,
ਭਰਮਾਂ ਦੀ ਖੇਤੀ ਨੂੰ ਕਰ ਕੇ,
ਤੂੰ ਦੱਸ ਕਿੱਥੋਂ ਕਿੱਥੇ ਪਹੁੰਚੇ।

ਆਪਣਾ ਆਪ ਪਰਖ਼ ਕੇ,
ਪਹਿਲਾਂ ਆਪਣੇ ਸਿਰ ਨੂੰ ਆਪ ਠਕੋਰ।

ਇਹਦੇ ਵਿੱਚ ਤੂੰ ਆਪ ਨਹੀਂ ਏਂ
ਤੇਰੀ ਥਾਂ ਤੇ ਬੈਠਾ ਹੋਰ।

ਤੂੰ ਤਾਂ ਸਿੱਧਾ ਪੱਧਰਾ ਸੀ ਬਈ,
ਏਸ ਸ਼ਹਿਰ ਵਿੱਚ ਆ ਕੇ ਤੂੰ ਵੀ,
ਮਿਲੱਰਗੰਜ ਦੀਆਂ ਮਿੱਲਾਂ ਵਾਂਗੂੰ,
ਵਾਹੋ ਦਾਹੀ ਦੌੜ ਰਿਹਾ ਏਂ।
ਹੌਜ਼ਰੀਆਂ ਦੇ ਸ਼ਹਿਰ 'ਚ ਤਾਣੇ ਤਣਦਾ ਫਿਰਦੈਂ,
ਕੀ ਕਰਦਾ ਏਂ?
ਮਨ ਦੀਆਂ ਤੰਦਾਂ ਬੁਣੇਂ, ਉਧੇੜੇਂ,
ਬੰਦਾ ਹੈਂ ਜਾਂ ਗਰਮ ਸਵੈਟਰ।

ਲਿਸ਼ਕੀ ਇਕ ਲਿਸ਼ਕੋਰ ਤੇ ਮੈਨੂੰ ਚਾਨਣ ਹੋਇਆ।
ਉੱਠ ਬੈਠਾ ਸੀ ਮੇਰੇ ਵਿਚਲਾ ਬੰਦਾ ਮੋਇਆ।
ਅੱਖਾਂ ਉੱਪਰ ਤਾਜ਼ੇ ਜਲ ਦੇ ਛੱਟੇ ਮਾਰੇ।
ਬਾਹਰ ਨਿਕਲਿਆ,
ਪੱਕੀਆਂ ਸੜਕਾਂ ਛੱਡ ਕੇ ਮੈਂ ਪਗਡੰਡੀ ਤੁਰਿਆ।
ਸਾਵੇ ਰੰਗ ਵਿੱਚ ਰੰਗੀਆਂ ਸਨ ਕਣਕਾਂ ਦੀਆਂ ਫ਼ਸਲਾਂ।
ਸਿੱਟਿਆਂ ਦੇ ਵਿਚ ਦੋਧੇ ਦਾਣੇ।
ਰੁੱਖਾਂ ਉੱਤੇ ਪੌਣ ਪਰਿੰਦੇ ਪਾਉਣ ਬਾਘੀਆਂ।

ਦੂਰ ਖੜ੍ਹਾ ਇਕ ਬਾਗ ਉਮਰ ਤੋਂ ਬੜਾ ਪੁਰਾਣਾ,
ਉਸ ਵਿੱਚ ਪੰਜ ਸੱਤ ਮੋਰ ਜਦੋਂ ਮੈਂ ਫਿਰਦੇ ਵੇਖੇ।
ਮਨ ਵਿੱਚ ਆਇਆ,
ਮੌਸਮ ਦਾ ਸੰਤਾਪ ਇਨ੍ਹਾਂ ਦੇ ਖੰਭ ਵੀ ਹੁਣ ਘਸਮੈਲੇ ਹੋਏ।
ਮੇਰੇ ਮਨ ਦੇ ਵਸਤਰ ਜਿੱਸਰਾਂ ਮੈਲੇ ਹੋਏ।
ਮੈਨੂੰ ਲੱਗਿਆ ਏਸ ਸ਼ਹਿਰ ਦੇ ਧੂੰਏਂ ਕਰਕੇ,
ਮੇਰੀ ਨੇਤਰ ਜੋਤ ਘਟੀ ਹੈ।
ਤੇ ਕੰਨਾਂ ਦੀ ਸਰਵਣ-ਸ਼ਕਤੀ,
ਘੁੱਗੂ-ਵਾਜੇ ਸੁਣਦੇ ਸੁਣਦੇ,
ਮੱਧਮ ਫਿੱਕੀ ਹੋ ਚੱਲੀ ਹੈ।

ਸਮਾਂ ਬੀਤਿਆ ਤੁਰਦਾ ਤੁਰਦਾ ਅੱਗੇ ਪੁੱਜਾ,

ਸਾਉਣ ਮਹੀਨੇ ਪੈਲਾਂ ਪਾਉਂਦੇ ਮੋਰ,
ਤੇ ਨਾ ਬੰਬੀਹੇ ਗਾਉਂਦੇ,
ਦਿਸਦੇ ਨਾ ਹੁਣ ਸੁਣਦੇ ਮੈਨੂੰ।
ਮੈਂ ਇਨ੍ਹਾਂ 'ਚੋਂ ਦੂਰ ਖੜ੍ਹਾਂ ਹਾਂ,
ਸਾਇਰਨ ਪਾਂ-ਪਾਂ ਪੀਂ ਪੀਂ ਪੀਂ ਪੀਂ,
ਕਾਵਾਂ ਰੌਲੀ ਰੌਲਾ ਰੱਪਾ।
ਏਥੇ ਜਾਪੇ ਹਰ ਬੰਦੇ ਨੂੰ ਭਰਮ ਪਿਆ ਹੈ,
ਮੈਂ ਅਗਲੇ ਤੋਂ ਹੋਰ ਅਗੇਰੇ ਲੰਘ ਜਾਣਾ ਹੈ।
ਫਿਰ ਮੈਂ ਬੈਠ ਆਰਾਮ ਕਰਾਂਗਾ।

ਹਰ ਬੰਦੇ ਦੇ ਅੰਦਰ ਕਬਰਾਂ,
ਕਿੰਨੇ ਝੋਰੇ ਤੇ ਹਟਕੋਰੇ।
ਕਈ ਵਾਰੀ ਤਾਂ ਇਉਂ ਲੱਗਦਾ ਹੈ,
ਏਸੇ ਲਈ ਇਹ ਅੱਜ ਤੱਕ ਜਿਉਂਦੇ,
ਕਿਉਂਕਿ ਮਰਨ ਦੀ ਵਿਹਲ ਨਹੀਂ ਹੈ।
***
ਮੈਂ ਫਸਲਾਂ ਦੇ ਬੰਨੇ ਬਹਿ ਕੇ ਭੁੱਲ ਚੁੱਕਿਆ ਸਾਂ,
ਮੁੜਨਾ ਵੀ ਹੈ।
ਗੁੱਟ ਤੋਂ ਘੜੀ ਅਚਾਨਕ ਵੇਖੀ,
ਦਫ਼ਤਰ ਜਾਣ ਦਾ ਵੇਲਾ ਹੋਇਆ।
ਮੈਂ ਫਿਰ ਵਾਹੋਦਾਹੀ ਭੱਜਾ,
ਏਥੇ ਮੁੜ ਕੇ ਓਹੀ ਢਾਂਚਾ।
ਟਾਂਗੇ ਵਾਲੇ ਘੋੜੇ ਵਾਂਗੂੰ ਓਹੀ ਛਾਂਟਾ ਓਹੀ ਵਾਗ।
ਉੱਚੀ ਉੱਚੀ ਵਾਜੇ ਵੱਜਣ ਬੇ ਤਰਤੀਬੇ,
ਸਮਝ ਨਾ ਆਵੇ, ਇਹ ਕੀ ਗਾਉਂਦੇ,
ਇਸ ਵੇਲੇ ਬੇਵਕਤਾ ਰਾਗ।

ਭੀੜ 'ਚ ਕਿਣਕੇ ਮਾਤਰ ਹਸਤੀ,
ਸ਼ਹਿਰਾਂ ਵਿੱਚ ਗੁਆਚ ਗਏ ਹਾਂ।
ਕਿੰਨਾ ਪੈਂਡਾ ਰੋਜ਼ ਦਿਹਾੜੀ,
ਸ਼ਹਿਰੋਂ ਪਿੰਡ ਦਾ ਵਧ ਜਾਂਦਾ ਹੈ।

*** 113-ਐਫ, ਸ਼ਹੀਦ ਭਗਤ ਸਿੰਘ ਨਗਰ, ਪੱਖੋਵਾਲ ਰੋਡ, ਲੁਧਿਆਣਾ।**
**ਫੋਨ : 98726-31199**

# ਝੂਮਰ

-ਗੁਰਚਰਨ ਸਿੰਘ ਪੱਬਾਰਾਲੀ*

ਚੁੱਪ ਰਾਤ ਪਿਆ ਮਨ ਸ਼ੋਰ ਬੜਾ
ਸੀ ਅਜੇ ਸੁਵੇਰਾ ਦੂਰ ਬੜਾ
ਮੈਂ ਕੁਝ ਸੁੱਤਾ ਕੁਝ ਜਾਗ ਰਿਹਾ
ਇਕ ਸੁਪਨਾ ਜਿਹਾ ਸਾਂ ਝਾਕ ਰਿਹਾ
ਮੈਨੂੰ ਆਣ ਬਹਿਸ਼ਤੀ ਯਾਦਾਂ ਨੇ
ਅੱਧ-ਸੁੱਤੇ ਤਾਈਂ ਜਗਾਇਆ ਸੀ
ਮੇਰਾ ਅੰਗ ਅੰਗ ਨਸ਼ਿਆਇਆ ਸੀ
ਮੇਰੇ ਮਨ ਦੇ ਵਿਹੜੇ ਯਾਦਾਂ ਨੇ
ਕੁਝ ਏਦਾਂ ਝੂਮਰ ਪਾਇਆ ਸੀ

ਪਿੰਡ ਖੇਤ ਦੀ ਪੱਛਮੀ ਨੁੱਕਰ ਵਿੱਚ
ਇਕ ਬੋਹੜ ਜੋ ਉਮਰੋਂ ਵੱਡਾ ਸੀ
ਉਹਦਾ ਲੰਮਾ ਚੌੜਾ ਘੇਰਾ ਸੀ
ਤੇ ਲੰਮ ਸਲੰਮੀ ਦਾਹੜੀ ਸੀ
ਉਹ ਬਾਬੇ ਵਾਂਙੂੰ ਲੱਗਦਾ ਸੀ
ਓਹਦੀ ਇਕ ਵੀ ਗੱਲ ਨਾ ਮਾੜੀ ਸੀ

ਗਰਮੀ ਵਿੱਚ ਸਿਖ਼ਰ ਦੁਪਹਿਰੇ ਉਹ
ਸੀ ਮਾਂ ਦੀ ਗੋਦੀ ਬਣ ਜਾਂਦਾ
ਓਹਦਾ ਪੱਤਾ ਪੱਤਾ ਹਿੱਕ ਡਾਹਕੇ
ਸੀ ਸੂਰਜ ਮੂਹਰੇ ਤਣ ਜਾਂਦਾ
ਓਹਦੇ ਟਾਹਣੀ ਪੀਂਘਾਂ ਪਿਆਰ ਦੀਆਂ
ਹਰ ਕੋਈ ਆ ਕੇ ਪਾ ਲੈਂਦਾ
ਕੋਈ ਤਖ਼ਤਪੋਸ਼ ਤੇ ਆ ਬਹਿੰਦਾ
ਕੋਈ ਮੰਜਾ ਪੀੜੀ ਡਾਹ ਲੈਂਦਾ
ਕੋਈ ਸੌਂਦਾ ਸੀ ਕੋਈ ਬਹਿੰਦੀ ਸੀ

ਕੋਈ ਪਿਆ ਉਬਾਸੀ ਲੈਂਦਾ ਸੀ
ਉਹ ਜੰਡ-ਪਰਾਮਲ ਖੇਡ ਰਹੇ
ਬੱਚਿਆਂ ਨੂੰ ਬੁੱਕਲ ਲੈਂਦਾ ਸੀ
ਕੋਈ ਬਾਰਾਂ ਟਾਹਣੀ ਖੇਡਦਾ ਸੀ
ਕੋਈ ਤਾਸ਼ ਦੀ ਬਾਜੀ ਲਾ ਲੈਂਦਾ
ਕੋਈ ਸ਼ਖ਼ਸ ਸਿਆਸੀ ਦਾਅ ਪੇਚਾਂ ਦੀ
ਆਪਣੀ ਗੱਲ ਚਲਾ ਲੈਂਦਾ
ਓਹਦੇ ਉੱਪਰ ਪੰਛੀ ਰਹਿੰਦੇ ਸਨ
ਓਹਦੇ ਹੇਠ ਪਸ਼ੂ ਆ ਬਹਿੰਦੇ ਸਨ

ਸਾਵਣ ਵਿੱਚ ਸਾਵੇਂ ਲੱਗਦੇ ਸੀ
ਕੁੜੀਆਂ ਦੀ ਕਿੱਕਲੀ ਪੈਂਦੀ ਸੀ
ਕਦੇ ਆ ਸਈਆਂ ਸੰਗ ਬਹਿੰਦੀ ਸੀ
ਕੋਈ ਫੁੱਲ ਕੱਢਦੀ ਫੁਲਕਾਰੀ ਤੇ
ਕੋਈ ਬੈਠ ਸਲਾਈਆਂ ਬੁਣਦੀ ਸੀ
ਕੋਈ ਚੁਗਲੀ ਨਿੰਦਿਆ ਕਰਦੀ ਸੀ
ਕੋਈ ਕੰਨ ਲਾ ਲਾ ਕੇ ਸੁਣਦੀ ਸੀ
ਕੋਈ ਸੇਵੀਆਂ ਵੱਟਣ ਬਹਿ ਜਾਂਦੀ
ਕੋਈ ਚਰਖ਼ਾ ਕੱਤਣ ਬਹਿ ਜਾਂਦੀ

ਇਕ ਖੂਹ ਵੀ ਉਸ ਦਾ ਸਾਥੀ ਸੀ
ਉਹਦੀ ਵੱਖਰੀ ਇਕ ਕਹਾਣੀ ਸੀ
ਹਰ ਇਕ ਦੀ ਪਿਆਸ ਬੁਝਾਉਂਦਾ ਉਹ
ਉਹਦਾ ਨਿਰਮਲ ਨਿਰਡਲ ਪਾਣੀ ਸੀ
ਜਦ ਕਿਧਰੇ ਵੀ ਉਹ ਗਿੜਦਾ ਸੀ
ਸੰਗੀਤ ਇਲਾਹੀ ਛਿੜਦਾ ਸੀ
ਉਹ ਝੱਟ ਉਲਟਾਈ ਜਾਂਦਾ ਸੀ
ਪੜਸ਼ੇ ਦੇ ਤਪਦੇ ਸੀਨੇ ਨੂੰ
ਉਹ ਠੰਡਾਂ ਪਾਈ ਜਾਂਦਾ ਸੀ

ਖਾਲਾਂ ਥੀਂ ਵਹਿੰਦਾ ਜਲ ਨਿਰਮਲ
ਜਦ ਖੇਤੀਂ ਜਾ ਕੇ ਮਿਲ ਜਾਂਦਾ
ਕਣਕਾਂ ਦਾ ਰੂਪ ਵਟਾ ਲੈਂਦਾ

ਕਦੇ ਬਣ ਉਹ ਖਿੜੀ ਕਪਾਹ ਜਾਂਦਾ
ਇੰਝ ਚਿਹਰਾ ਕੁਦਰਤ ਰਾਣੀ ਦਾ
ਸਾਰੇ ਦਾ ਸਾਰਾ ਖਿੜ੍ਹ ਜਾਂਦਾ
ਵੱਖਰਾ ਜਿਹਾ ਇਕ ਸੰਸਾਰ ਸੀ ਉਹ
ਕਦ ਆਉਣੀ? ਜਿਹੜੀ ਬਹਾਰ ਸੀ ਉਹ

ਫਿਰ ਉਸ ਬਾਬੇ ਵੱਲ ਆਉਂਦਾ ਹਾਂ
ਉਹਦੀ ਫੇਰ ਕਹਾਣੀ ਪਾਉਂਦਾ ਹਾਂ
ਉਹ ਪਾਲੇ ਵਿੱਚ ਨਿੱਘ ਦੇਂਦਾ ਸੀ
ਬਰਸਾਤਾਂ ਸਿਰ ਤੇ ਝੱਲਦਾ ਸੀ
ਉਹਦੇ ਛਾਉਰੇ ਵਿਚ ਦਿਨ ਰਾਤ
ਕਿਸੇ ਦਾ ਪਿਆਰ ਵੀ ਫੁੱਲਦਾ ਫਲਦਾ ਸੀ
ਉਹਨੂੰ ਹਰ ਕੋਈ ਆਪਣਾ ਕਹਿੰਦਾ ਸੀ
ਉਹ ਸਭ ਦਾ ਹੋ ਕੇ ਰਹਿੰਦਾ ਸੀ
ਸੀ ਰੈਣ ਬਸੇਰਾ ਰਾਤਾਂ ਦਾ
ਉਹ ਸਾਥੀ ਸੀ ਪਰਭਾਤਾਂ ਦਾ

ਇਕ ਦਿਨ ਚੜ੍ਹਿਆ ਕਿ ਰਾਤ ਪਈ
ਜਾਂ ਰਾਤ ਜਿਹੀ ਪਰਭਾਤ ਪਈ
ਇਕ 'ਕੱਠਾ ਹੋਇਆ ਤੇ ਉਸ ਕੱਠ ਵਿਚ
ਉਹਨੂੰ ਖਾ ਜਾਵਣ ਦੀ ਬਾਤ ਪਈ
ਇਹਨੂੰ ਕੁੱਟ ਦੇਈਏ, ਇਹਨੂੰ ਵੱਡ ਦੇਈਏ
ਇਹਦੀ ਜੱਗ ਤੋਂ ਅਲਖ਼ ਮੁਕਾ ਦੇਈਏ
ਇਹਦੀ ਬੋਟੀ ਬੋਟੀ ਕਰ ਦੇਈਏ
ਇਹਦੇ ਹੱਡ ਮਾਸ ਨੂੰ ਖਾ ਜਾਈਏ
ਇਨਸਾਨ ਦੇ ਇਸ ਹਮਦਰਦੀ ਨੂੰ
ਇਨਸਾਨੀ ਰੂਪ ਵਿਖਾ ਦੇਈਏ

ਫਿਰ ਉਸ ਤੇ ਆਰੀਆਂ ਫਿਰ ਗਈਆਂ
ਮਨ ਮੇਰੇ ਜ਼ਖ਼ਮ ਜੋ ਕਰ ਗਈਆਂ
ਉਹ ਸਦਾ ਹੀ ਰਿਸਦੇ ਰਹਿੰਦੇ ਨੇ
ਕਾਗਜ਼ ਤੇ ਸ਼ਬਦ ਜੋ ਉਕਰ ਰਿਹਾਂ
ਇਹ ਕਲਮ ਦੇ ਹੰਝੂ ਵਹਿੰਦੇ ਨੇ

ਉਹ ਕੱਟਿਆ ਨਹੀਂ, ਉਹ ਮਰਿਆ ਨਹੀਂ
ਯਾਦਾਂ ਵਿੱਚ ਸਦਾ ਜਿਉਂਦਾ ਹੈ
ਉਹ ਦਿਨੇ ਵੀ ਦਿਸਦਾ ਰਹਿੰਦਾ ਹੈ
ਆ ਸੁਪਨਿਆਂ ਵਿੱਚ ਵੀ ਮਿਲਦਾ ਹੈ

ਜੋ ਲੋਕਾਂ ਲਈ ਜਿਉਂਦੇ ਨੇ
ਜੋ ਲੋਕਾਂ ਦੇ ਲਈ ਖੜ੍ਹਦੇ ਨੇ
ਧੁੱਪਾਂ ਤੇ ਠੰਡਾਂ ਲੋਕਾਂ ਲਈ
ਜੋ ਨੰਗੇ ਪਿੰਡੇ ਜਰਦੇ ਨੇ
ਉਹ ਦੁਨੀਆਂ ਤੋਂ ਕਦ ਡਰਦੇ ਨੇ?
ਉਹ ਦੁਨੀਆਂ ਤੋਂ ਕਦ ਡਰਦੇ ਨੇ?

* 41 ਗੁਰਮਤਿ ਕਾਲੋਨੀ, ਪਟਿਆਲਾ।
ਫੋਨ : 0175-2223790, 94178-65583

# ਮੇਰਾ ਪਿੰਡ ਹੁਣ ਪਿੰਡ ਰਿਹਾ ਨਈਂ

-ਜਸਵੀਰ ਝੱਜ*

ਮੇਰਾ ਪਿੰਡ ਹੁਣ ਪਿੰਡ ਰਿਹਾ ਨਈਂ,
ਮੇਰਾ ਪਿੰਡ ਵੀ ਸ਼ਹਿਰ ਹੋ ਗਿਆ।
ਦਿਲਾਂ ਦੇ ਅੰਦਰ ਵਿਰਮੀਆਂ ਬਣੀਆਂ,
ਅੰਗ ਅੰਗ ਦੇ ਵਿੱਚ ਜ਼ਹਿਰ ਹੋ ਗਿਆ।
ਕੋਈ ਸਮਾਂ ਸੀ ਬੰਨਾਂ-ਚੰਨਾਂ, ਧੀ ਭੈਣ ਦਾ ਭਾਈਵਾਲ ਸੀ।
ਪੀੜ੍ਹੀ ਦਰ ਪੀੜ੍ਹੀ ਸਾਥ ਸੀ ਨਿਭਦੇ, ਇੱਕ ਦੂਏ ਦੀ ਮੁੱਛ ਦਾ ਵਾਲ ਸੀ।
ਮੋਹ ਦਾ ਦਰਿਆ ਸੁੱਕਦਾ ਸੁੱਕਿਆ, ਨਫ਼ਰਤ ਵਾਲੀ ਨਹਿਰ ਹੋ ਗਿਆ....

ਪਿੱਪਲਾਂ ਦੀ ਹੁਣ ਛਾਂ ਰਹੀ ਨਾ, ਜਿਥੇ ਲੋਕੀ ਮੁੜ ਸੀ ਬਹਿੰਦੇ।
ਹੁਣ ਨਾ ਕੁੜੀਆਂ ਪੀਂਘਾਂ ਝੂਟਣ, ਨਾ ਹੀ ਕਿਧਰੇ ਛੋਪ ਨੇ ਪੈਂਦੇ।
ਸਾਝਾਂ ਦਾ ਸੁਰ ਤਾਲ ਗੁਆਚਾ, ਬੇ-ਵਜਨਾ, ਬੇ-ਬਹਿਰ ਹੋ ਗਿਆ....

ਪਿੰਡ ਮੇਰਾ ਧੜਿਆਂ ਵਿੱਚ ਵੰਡਿਆ, ਵੋਟਾਂ ਦੀ ਗਈ ਅਸਮਤ ਲੁੱਟੀ।
ਕੁਰਸੀ ਖਾਤਰ ਲੁੱਟ ਮੱਚ ਗਈ, ਪਿੰਡ ਮੇਰੇ ਦੀ ਸਾਂਝ ਹੈ ਟੁੱਟੀ।
ਭਰੀ ਸੱਥ ਵਿੱਚ ਪੱਗਾਂ ਲਹੀਆਂ, ਪਿੰਡ ਮੇਰੇ ਵਿੱਚ ਕਹਿਰ ਹੋ ਗਿਆ....

ਅਜੇ ਵੀ ਪਿੰਡਾ ਕੁਝ ਨਈਂ ਵਿਗੜਿਆ,
ਆਓ ਰਲ਼ ਕੋਈ ਕਰੀਏ ਹੀਲਾ।
ਆਲ੍ਹਣਾ ਮੁੜ ਤੋਂ ਫੇਰ ਬਣਾਈਏ,
'ਕੱਠਾ ਕਰਕੇ ਤੀਲਾ ਤੀਲਾ।
'ਝੱਜ' ਦੀ ਗੱਲ ਨੂੰ ਮੰਨ ਲਓ ਲੋਕੋ,
ਅਜੇ ਕਿਹੜਾ ਆਖਰੀ ਪਹਿਰ ਹੋ ਗਿਆ.....
ਮੇਰਾ ਪਿੰਡ ਹੁਣ ਪਿੰਡ ਰਿਹਾ ਨਈਂ,
ਮੇਰਾ ਪਿੰਡ ਵੀ ਸ਼ਹਿਰ ਹੋ ਗਿਆ।
ਦਿਲਾਂ ਦੇ ਅੰਦਰ ਵਿਰਮੀਆਂ ਬਣੀਆਂ,
ਅੰਗ ਅੰਗ ਦੇ ਵਿੱਚ ਜ਼ਹਿਰ ਹੋ ਗਿਆ।

*ਡਾਕ ਤੇ ਪਿੰਡ : ਬੁਆਣੀ - 141421 (ਲੁਧਿਆਣਾ)
98554-59765

# ਸੰਦੇਸ਼

-ਜੋਗਿੰਦਰ ਸਿੰਘ ਪ੍ਰਵਾਨਾ*

ਵੇਖੋ ਲੋਕੋ! ਸੱਭਿਆਚਾਰ ਤੇ ਪਿੰਡ ਅਸਾਡਾ,
ਸ਼ਹਿਰਾਂ ਦੀ ਹੁਣ ਜੂਨ ਹੰਡਾਵੇ।
ਹੋ ਗਏ ਅੰਦਰੋਂ ਪਿੰਡ ਖੋਖਲੇ,
ਵਾਹੀਯੋਗ ਜ਼ਮੀਨਾਂ ਨੂੰ, ਹੁਣ ਪੱਥਰ ਖਾਵੇ।
ਸਾਰੇ ਟੱਬਰ ਦੇ ਸਿਰ ਭਾਵੇਂ ਚੜ੍ਹਿਆ ਹੈ ਕਰਜ਼ਾ
ਭਈਏ ਨੌਕਰ,ਥੱਲੇ ਜੀਪਾਂ, ਫੋਕੇ ਕਰਨ ਵਿਖਾਵੇ।
ਮੈਰਿਜ ਪੈਲੇਸਾਂ ਤੇ ਡਿਸਕੋ ਨੇ ਡੰਗ ਦਿੱਤੇ,
ਗੀਤ, ਬੋਲੀਆਂ, ਗਿੱਧਾ, ਸਾਦੇ ਵਿਆਹ ਮੁਕਲਾਵੇ।
ਪੰਜ ਗਜ ਦਾ ਸੂਟ ਤੇ ਚੁੰਨੀ ਪਰ੍ਹੇ ਧਰੀ,
ਸ਼ਹਿਰੀ ਹੋ ਗਈ 'ਗੁੱਡੀ' ਹੁਣ ਜੀਨਾ ਪਾਵੇ।
ਬਦਲ ਗਈ ਨੁਹਾਰ ਨੇ ਆਖਣ ਪਿੰਡਾਂ ਦੀ,
ਛੱਪੜ ਦੇ ਗੰਦੇ ਪਾਣੀ ਨੂੰ, ਡੰਗਰ ਵੀ ਮੂੰਹ ਨਾ ਲਾਵੇ।
ਪਿੰਡ ਵਾਸੀਓ! ਕਰੋ ਤਰੱਕੀ ਮੈਂ ਕਿੰਤੂ ਨਹੀਂ ਕਰਦਾ,
ਮੇਰਾ ਇਕੋ ਹੈ ਸੰਦੇਸ਼ ਜੇ ਪੱਲੇ ਪੈ ਜਾਵੇ।
'ਪ੍ਰਵਾਨੇ' ਕੌਮਾਂ ਰਹਿਣ ਸਦਾ ਜਿਉਂਦੀਆਂ ਉਹੀ,
ਜਿਸ ਦਾ ਸੱਭਿਆਚਾਰ ਤੇ ਪਿੰਡ, ਜਿਉਂਦਾ ਰਹਿ ਜਾਵੇ।

* ਪੰਜਾਬ ਸਟੈਲਕੋ
ਜੀ.ਟੀ. ਰੋਡ, ਰਾਮਪੁਰਾ ਫੂਲ (ਬਠਿੰਡਾ)
ਫੋਨ : 092164-11808

# ਪਿੰਡਾਂ ਦੀ ਹੋਂਦ ਨੂੰ ਖਤਰਾ

-ਜਗਦੇਵ ਮਕਸੂਦੜਾ*

ਵੱਡਿਆਂ ਸ਼ਹਿਰਾਂ ਕੋਲੋਂ ਹੋ ਗਿਆ, ਪਿੰਡਾਂ ਦੀ ਹੋਂਦ ਨੂੰ ਖਤਰਾ।
ਬੈਠੇ ਸੱਥ ਵਿੱਚ ਗੱਲਾਂ ਕਰਦੇ, ਚੰਦਾ, ਚਰਨਾ ਤੇ ਚਤਰਾ।
ਪੁੱਤ ਜੱਟਾਂ ਦੇ ਫਿਰਨ ਦਵੱਲੀਂ, ਵੱਡੀਆਂ-ਵੱਡੀਆਂ ਕਾਰਾਂ,
ਭਈਏ ਨੇ ਹੁਣ ਖੇਤੀ ਕਰਦੇ, ਨਾਲੇ ਕੱਢਣ ਧਾਰਾਂ।
ਸਮੈਕ, ਸ਼ਰਾਬ, ਗੋਲੀਆਂ, ਟੀਕੇ, ਭੁੱਕੀ, ਡੋਡੇ ਮਿਲਦੇ ਖੁੱਲ੍ਹੇ,
ਲੋਕੀਂ ਵਿਚਾਰੇ ਭੁੱਖੇ ਮਰਦੇ, ਬਲੈਕੀਏ ਲੁੱਟਦੇ ਬੁੱਲੇ।
ਵੱਡਿਆਂ ਦਾ ਸਤਿਕਾਰ ਰਿਹਾ ਨਾ, ਉੱਡ-ਪੁੱਡ ਗਈਆਂ ਅਕਲਾਂ,
ਬਿਊਟੀ ਪਾਰਲਰ ਨੇ ਬਦਲ ਦਿੱਤੀਆਂ,ਪਹਿਲਾਂ ਨਾਲੋਂ ਸ਼ਕਲਾਂ।
ਨਾ ਹੁਣ ਦਾਦੀ, ਨਾਨੀ ਕੋਲੋਂ, ਸੁਣਦਾ ਏ ਕੋਈ ਬਾਤਾਂ,
ਟੀ.ਵੀ. ਮੂਹਰੇ ਲੰਘ ਜਾਂਦੀਆਂ, ਬੱਚਿਆਂ ਦੀਆਂ ਨੇ ਰਾਤਾਂ।
ਦੋ ਘੰਟੇ ਦਾ ਵਿਆਹ ਰਹਿ ਗਿਆ, ਨਾ ਸਿੱਠਣੀਆਂ ਨਾ ਸੇਹਰੇ,
ਮੰਜੇ ਜੋੜ ਨਾ ਲੱਗਣ ਸਪੀਕਰ, ਨਾ ਜੰਞ ਉੱਤਰੇ ਡੇਰੇ।
ਧਰਮ ਦੀ ਆੜ 'ਚ ਖੁੱਲ੍ਹ ਗਈਆਂ ਨੇ ਅੱਡੋ-ਅੱਡ ਦੁਕਾਨਾਂ,
ਵਹਿਮ-ਭਰਮ ਦੀਆਂ ਗੱਲਾਂ ਨੂੰ ਹੈ ਪ੍ਰਚਾਰਿਆ ਖ਼ੂਬ ਸ਼ੈਤਾਨਾਂ।
ਸੱਥਾਂ ਵਿੱਚ ਨਾ ਮੁੱਕਣ ਦਿੰਦੇ, ਪੰਚੈਤੀਏ ਝਗੜੇ-ਝੇੜੇ,
ਥਾਣਿਆਂ ਦੇ ਵਿੱਚ ਲੱਗਦੇ ਰਹਿੰਦੇ, ਨਿੱਤ ਲੋਕਾਂ ਦੇ ਗੇੜੇ।
ਮਾਰੋ ਹੰਭਲਾ ਇਕੱਠੇ ਹੋ ਕੇ, ਭੱਜਣ ਦੂਰ ਬਲਾਵਾਂ
ਵਿਰਸਾ ਮੇਰਾ ਜਿਊਂਦਾ ਰਹਿ ਜਾਏ, ਜੱਗਾ ਕਰੇ ਦੁਆਵਾਂ।

* ਪਿੰਡ ਤੇ ਡਾਕ ਮਕਸੂਦੜਾ, ਪਾਇਲ, ਲੁਧਿਆਣਾ।
ਫੋਨ : 98724-17159

# ਗੀਤ

-ਜਗਜੀਤ ਸਿੰਘ 'ਗੁਰਮ'*

ਸੁੰਨੇ ਸੁੰਨੇ ਘਰ ਦਰ ਜਾਪਣ,
ਤੁਰੇ ਪੁੱਤ ਪ੍ਰਦੇਸ ਨੀ ਅੰਮੀਏ।
ਕੀਹਨੇ ਕਲਮ-ਵਿਛੋੜਾ ਲਾਈ,
ਮੁੜ ਨਾ ਆਏ ਦੇਸ਼ ਨੀ ਅੰਮੀਏ।

ਕੰਧਾਂ ਖਾਵਣ ਮਾਪਿਆਂ ਤਾਂਈ,
ਡਿੱਗਣ ਡਿੱਗਣ ਕਰਨ ਬਸੇਰੇ।
ਘੱਟਦੀ ਜਾਏ ਸਾਂਝ ਬੋਲ ਦੀ,
ਵਧੀ ਜਾਣ ਜਦ ਚੁੱਪ ਦੇ ਡੇਰੇ।
ਪਈ ਕੰਧ ਤੇ ਰੱਖੜੀ ਡੁਸਕੇ,
ਲਾ ਤਹਿ ਰੱਖਦੇ ਕੇਸ ਨੀ ਅੰਮੀਏ।
ਤੁਰੇ ਪੁੱਤ...।

ਭੁੱਖ ਤੜਪਾਏ ਢਿੱਡਾਂ ਤਾਂਈ,
ਮੋਹ ਦੀਆਂ ਬਾਤਾਂ ਵੱਢ ਵੱਢ ਖਾਵਣ।
ਹੰਝੂਆਂ ਦੇ ਵਿੱਚ ਡੁੱਬਦੇ ਛੱਡ ਕੇ,
ਭਰੇ ਗੱਚ ਨਾਲ ਤੁਰਦੇ ਜਾਵਣ।
ਰੰਗਲੀ ਮਹਿੰਦੀ ਹੰਝੂਆਂ ਧੋਤੀ,
ਲੱਗੀ ਦਿਲ ਨੂੰ ਠੇਸ ਨੀ ਅੰਮੀਏ।
ਤੁਰੇ ਪੁੱਤ...।

ਢੇਰ ਦਿਲਾਸੇ ਕੱਠੇ ਹੋ ਕੇ,
ਆਪੋ ਆਪਣੇ ਦੁੱਖ ਪਏ ਰੋਵਣ।
ਕੌਣ ਕਿਸੇ ਦਾ ਦਰਦ ਵੰਡਾਵੇ,
ਆਪੋ ਆਪਣੀਆਂ ਪੀੜਾਂ ਢੋਵਣ।
ਝਾਂਜਰ, ਚੂੜੀ ਛਣ ਛਣ ਭੁੱਲੀ,
ਉਲਝੇ ਉਲਝੇ ਕੇਸ ਨੀ ਅੰਮੀਏ।
ਤੁਰੇ ਪੁੱਤ....।

ਨਾ ਕਿਸੇ ਨੂੰ ਭੁੱਖ ਤੜਪਾਵੇ,
ਨਾ ਕੋਈ ਪੁੱਤ ਪ੍ਰਦੇਸੀਂ ਜਾਵੇ।

ਰੀਸਾਂ ਨੂੰ ਤਕਦੀਰ ਬਣਾਵੇ
ਤਾਹੀਂਓ ਲਾਲਚ ਰੰਗ ਦਿਖਾਵੇ।
ਉਮਰ-ਵਿਛੋੜਾ ਤੜਪਣ ਜੋਗਾ
ਕਹੇ 'ਗੁਰਮ' ਦਰਵੇਸ਼ ਨੀ ਅੰਮੀਏ।

ਸੁੰਨੇ ਸੁੰਨੇ ਘਰ ਦਰ ਜਾਪਣ
ਤੁਰੇ ਪੁੱਤ ਪ੍ਰਦੇਸ ਨੀ ਅੰਮੀਏ।
ਕੀਹਨੇ ਕਲਮ-ਵਿਛੋੜਾ ਲਾਈ
ਮੁੜ ਨਾ ਆਏ ਦੇਸ ਨੀ ਅੰਮੀਏ।

**ਮਕਾਨ ਨੰ. 1008/29/2, ਗਲੀ ਨੰ. 8,**
**ਬਾਲ ਸਿੰਘ ਨਗਰ, ਜੋਧੇਵਾਲ ਬਸਤੀ,**
**ਲੁਧਿਆਣਾ।**

# ਬੇਕਦਰਾਂ ਦਾ ਸ਼ਹਿਰ

**-ਜਰਨੈਲ ਸਿੰਘ ਬੈਂਸ***

ਬੇਕਦਰਾਂ ਦੇ ਸ਼ਹਿਰ ਵਿੱਚ ਮੈਂ ਨਸ਼ਰ ਹੋ ਕੇ ਰਹਿ ਗਿਆ,
ਅਹਿਮਕਾਂ ਦੇ ਵਾਂਗ ਮੇਰਾ ਹਸ਼ਰ ਹੋ ਕੇ ਰਹਿ ਗਿਆ।
ਝੂਠਿਆਂ ਦੇ ਦਰਾਂ ਉੱਤੇ ਸੱਚ ਮੇਰਾ ਭਟਕਿਆ,
ਪਲ ਪਲ ਸੱਚ ਮੇਰਾ ਸੂਲੀ ਉੱਤੇ ਲਟਕਿਆ।
ਜ਼ਿੰਦਗੀ ਦੇ ਆਕਿਆਂ ਤੋਂ ਹਾਰ ਖਾ ਕੇ ਬਹਿ ਗਿਆ,
ਬੇਕਦਰਾਂ ਦੇ ਸ਼ਹਿਰ ਵਿੱਚ ਮੈਂ ਨਸ਼ਰ ਹੋ ਕੇ ਰਹਿ ਗਿਆ।
ਹੋਂਦ ਉੱਤੇ ਆਪਣੀ ਹੈ ਸ਼ੱਕ ਮੈਨੂੰ ਹੋ ਰਿਹਾ,
ਬੇਕਦਰਾਂ ਦੇ ਇਸ ਸ਼ਹਿਰ ਵਿੱਚ ਹੈ ਦਿੱਲ ਮੇਰਾ ਰੋ ਰਿਹਾ।
ਟੁੱਟੇ ਦਿਲ ਨਾਲ ਦਾਸਤਾਂ ਮੈਂ ਯਾਰਾਂ ਕੋਲ ਕਹਿ ਗਿਆ,
ਬੇਕਦਰਾਂ ਦੇ ਸ਼ਹਿਰ ਵਿੱਚ ਮੈਂ ਨਸ਼ਰ ਹੋ ਕੇ ਰਹਿ ਗਿਆ।
ਮੁਸੀਬਤਾਂ ਵਿੱਚ ਸਾਥ ਦਾ ਜੋ ਦਮ ਸੀ ਭਰਦੇ ਰਹੇ,
ਸਮੇਂ ਸਮੇਂ ਪਿੱਠ ਉੱਤੇ ਵਾਰ ਉਹ ਵੀ ਕਰਦੇ ਰਹੇ।
ਮੈਂ ਤਾਂ ਆਪਣੇ ਬੇਗਾਨਿਆਂ ਦੀ ਪਰਖ ਕਰਦਾ ਰਹਿ ਗਿਆ,
ਬੇਕਦਰਾਂ ਦੇ ਸ਼ਹਿਰ ਵਿੱਚ ਮੈਂ ਨਸ਼ਰ ਹੋ ਕੇ ਰਹਿ ਗਿਆ।
ਟੁਰਦੇ ਫਿਰਦੇ ਠੱਗਾਂ ਦੀ ਇਹ ਬਸਤੀ ਮੈਨੂੰ ਜਾਪਦੀ,
ਖਤਮ ਹੋ ਗਈ ਲਾਲੀ ਏਥੇ ਲਹੂਆਂ ਵਿੱਚੋਂ ਭਾਸਦੀ।
ਲਹੂ ਮੇਰੀ ਜ਼ਮੀਰ ਦਾ, ਇਥੇ ਪਾਣੀ ਦੇ ਮੁੱਲ ਵਹਿ ਗਿਆ,
ਬੇਕਦਰਾਂ ਦੇ ਸ਼ਹਿਰ ਵਿੱਚ ਮੈਂ ਨਸ਼ਰ ਹੋ ਕੇ ਰਹਿ ਗਿਆ।
ਬੇਖੁਦੀ ਦੇ ਪਲਾਂ ਵਿੱਚ ਮੈਂ ਕਈ ਵਾਰੀ ਸੋਚਿਆ,
ਇਲਜ਼ਾਮ ਦੇਣਾ ਕਿਸੇ ਨੂੰ ਨਾ ਫ਼ਿਤਰਤ ਮੇਰੀ ਲੋਚਿਆ।
'ਬੈਂਸ' ਮੋਨੇ ਵਾਲਾ ਸਾਰੇ ਜ਼ਖ਼ਮ ਦਿਲ ਤੇ ਸਹਿ ਗਿਆ,
ਬੇਕਦਰਾਂ ਦੇ ਸ਼ਹਿਰ ਵਿੱਚ ਮੈਂ ਨਸ਼ਰ ਹੋ ਕੇ ਰਹਿ ਗਿਆ।
ਅਹਿਮਕਾਂ ਦੇ ਵਾਂਗ ਮੇਰਾ ਹਸ਼ਰ ਹੋ ਕੇ ਰਹਿ ਗਿਆ।

* ਪਿੰਡ ਮੋਨਾਂ ਕਲਾਂ, ਹੁਸ਼ਿਆਰਪੁਰ
ਲਮਿੰਗਟਨ ਸਪਾ - ਯੂ.ਕੇ.।

# ਪੈਂਤੀ

-ਜਸਵਿੰਦਰ ਮਹਿਰਮ*

ਹਰ ਸ਼ਹਿਰ ਹਰ ਨਗਰ ਵਿੱਚ, ਕਿੰਨੇ ਉਦਾਸ ਚਿਹਰੇ।
ਮਜ਼ਬੂਰੀਆਂ ਦੇ ਮਾਰੇ, ਫਿਰਦੇ ਨਿਰਾਸ ਚਿਹਰੇ।
ਕੀ ਗ਼ੈਰ ਦਾ ਭਰੋਸਾ, ਬਣਦੈ ਕਿਸੇ ਦਾ ਕਿਹੜਾ,
ਹੁੰਦੇ ਉਹ ਦੂਰ ਦਿਲ ਤੋਂ, ਰਹਿੰਦੇ ਜੋ ਪਾਸ ਚਿਹਰੇ।
ਪਰਦੇਸ ਜਾਣ ਵਾਲੇ, ਮਨਜ਼ੂਰ ਹੈ ਵਿਛੋੜਾ,
ਭੁੱਲੀਂ ਨਾ ਤੂੰ ਜੋ ਕਰਦੇ, ਹਿਰਦੇ 'ਚ ਵਾਸ ਚਿਹਰੇ।
ਰੱਖਦੇ ਜੋ ਮੈਲ ਦਿਲ ਵਿੱਚ, ਕਰਦੇ ਗ਼ਰੂਰ ਨੇ ਜੋ,
ਭੁੱਲ ਕੇ ਵੀ ਉਹ ਕਿਸੇ ਨੂੰ, ਆਉਂਦੇ ਨਾ ਰਾਸ ਚਿਹਰੇ।
ਜਦ ਵੀ ਨਕਾਬ ਉੱਤਰੇ, ਜਾਂ ਫਿਰ ਕਰੀਬ ਰਹਿ ਕੇ,
ਲੱਗਦੈ ਪਤਾ ਕਿ ਕਿੰਨੇ, ਲੋਕਾਂ ਦੇ ਪਾਸ ਚਿਹਰੇ।
ਪੈਂਦੀ ਜਦੋਂ ਜ਼ਰੂਰਤ, ਉਹ ਝਾੜ ਜਾਣ ਪੱਲਾ,
ਹੁੰਦੇ ਜੋ ਖ਼ਾਸ ਮਿੱਤਰ, ਹੁੰਦੇ ਜੋ ਖ਼ਾਸ ਚਿਹਰੇ
ਦੰਗੇ ਫ਼ਸਾਦ ਕਰ ਕੇ, ਮਿਲਦਾ ਉਨ੍ਹਾਂ ਨੂੰ ਕੀ ਹੈ,
ਐਵੇਂ ਜਨੂਨ ਵਿੱਚ ਜੋ, ਕਰਦੇ ਖ਼ਲਾਸ ਚਿਹਰੇ।
ਸਭ ਨੂੰ ਜੋ ਆਖਦਾ ਹੈ, 'ਮੈਂ ਦਾਸ ਹਾਂ ਤੁਹਾਡਾ',
ਬੈਠੇ ਨੇ ਕੁਰਸੀਆਂ 'ਤੇ, ਉਸ ਦੇ ਹੀ ਦਾਸ ਚਿਹਰੇ।
ਰਿਸ਼ਤੇ ਤਾਂ ਖ਼ੂਨ ਦੇ ਨੇ, ਪਰ ਤਾਂਘ ਨਈਂ ਦਿਲਾਂ ਵਿੱਚ,
ਇਨਸਾਂ ਨਹੀਂ, ਘਰਾਂ ਵਿੱਚ ਕਰਦੇ ਨਿਵਾਸ ਚਿਹਰੇ।
ਅਰਸ਼ਾਂ ਨੂੰ ਛੂਣ੍ਹ ਓਹੀ, ਲਾਉਂਦੇ ਨੇ ਜੋ ਉਡਾਰੀ,
ਕਮਜ਼ੋਰ ਦਿਲ ਦੇ ਮਾਲਿਕ, ਬਹਿੰਦੇ ਨਿਰਾਸ ਚਿਹਰੇ।
ਚਿਹਰੇ ਬੁਝਾ ਰਹੇ ਨੇ, 'ਮਹਿਰਮ' ਪਿਆਸ ਮਨ ਦੀ,
ਤਾਂ ਹੀ ਜਗਾ ਕੇ ਮਨ ਵਿੱਚ, ਰੱਖਦੇ ਪਿਆਸ ਚਿਹਰੇ।

* 426 - ਬੀ ਸ਼ਹੀਦ ਊਧਮ ਸਿੰਘ ਨਗਰ,
ਡਾ. ਸਤਨਾਮਪੁਰ ਫਗਵਾੜਾ
ਜ਼ਿਲ੍ਹਾ ਕਪੂਰਥਲਾ-144402
ਫੋਨ : 98144-14317
01824-278371

# ਬੁੱਧੀਦਾਸਾਂ ਦੇ ਨਾਂ

-ਡਾ. ਕ੍ਰਿਸ਼ਨ ਚੰਦ 'ਕੌਮੀ'

ਓ ਬੁੱਧੀਦਾਸੋ!
ਸੁਣੋ, ਸਮਝੋ ਤੇ ਸੋਚੋ
ਆਪਣੇ ਦਿਮਾਗਾਂ ਨੂੰ ਖਰੋਚੋ
ਸੱਚੀ ਗੱਲ ਕਹਿਣ ਦਾ ਜੇਰਾ ਕਰੋ ।
ਹੁਣ ਲੋੜ ਹੈ
ਸੁਰਖ ਸਵੇਰਾ ਕਰੋ
ਸੁੰਦਰ ਸ਼ਬਦਾਂ ਵਿਚ
ਪਰੋ ਚੀਜਾਂ
ਸਿਧਾਂਤ ਨਹੀਂ ਬਣਦਾ
ਸਮਾਜ ਦੇ ਇਤਿਹਾਸਕ ਵਿਕਾਸ ਨੂੰ ਸਮਝੋ
ਤੇ ਸਿਧਾਂਤ ਦਾ ਵਿਕਾਸ ਕਰੋ
ਓ ਸ਼ਬਦ ਮੇਲੂਓ
ਅਮਲੀ ਤਜਰਬੇ ਦਾ ਨਾ ਐਵੇ ਸਤਿਆਨਾਸ ਕਰੋ
ਅਮਲ ਵਿਚੋਂ ਗਿਆਨ ਪੈਦਾ ਹੋਇਆ
ਗਿਆਨ ਨੂੰ ਅਮਲ ਦੀ ਕਸਵੱਟੀ ਤੇ ਪਰਖੋ
ਅਗਲੇ ਅਮਲ ਨੂੰ ਸਹੀ ਸਿਧਾਂਤ ਦੀ ਸਾਣ ਤੇ ਤੜਕੋ
ਐਵੇਂ ਦੋ ਤੇ ਤਿੰਨ ਨੂੰ ਨਾ ਚਾਰ ਬਣਾਓ
ਜੋ ਚੀਜ ਬੁਰੀ ਹੈ
ਸੁੰਦਰ ਸ਼ਬਦਾਂ ਵਿਚ ਲਪੇਟਕੇ
ਨਾ ਸੁੰਦਰ ਦਰਸਾਉ
ਅਮਲ ਤੋਂ ਗਿਆਨ ਵੱਲ
ਤੇ ਗਿਆਨ ਤੋਂ ਅਮਲ ਵੱਲ
ਵਧਣ ਦਾ ਉਪਰਾਲਾ ਕਰੋ
ਜਿੰਦਗੀ ਦੇ ਨਕਸ਼ਾਂ ਵਿਚ ਜਹਿਰ ਨਹੀਂ
ਕੋਈ ਅੰਮ੍ਰਿਤ ਰਸ ਭਰੋ
ਓ ਬੁਧੀ ਦਾਸੋ!

ਸੁਣੋ, ਸਮਝੋ ਤੇ ਸੋਚੋ
ਅਪਣੇ ਦਿਮਾਗਾਂ ਨੂੰ ਖਰੋਚੋ
ਸੱਚੀ ਗੱਲ ਕਹਿਣ ਦਾ ਜੇਰਾ ਕਰੋ
ਹੁਣ ਲੋੜ ਹੈ ਸੁਰਖ ਸਵੇਰਾ ਕਰੋ
ਜ਼ਿੰਦਗੀ ਦੇ ਨਕਸ਼ਾਂ ਵਿਚ ਜ਼ਹਿਰ ਨਹੀਂ
ਕੋਈ ਅੰਮ੍ਰਿਤ ਰਸ ਭਰੋ
ਕੋਈ ਅੰਮ੍ਰਿਤ ਰਸ ਭਰੋ
ਕੋਈ ਅੰਮ੍ਰਿਤ ਰਸ ਭਰੋ

*** ਚੰਡੀਗੜ੍ਹ**
**ਫੋਨ : 9417392254**

# ਹੁਣ ਤਾਂ

-ਡਾ. ਗੁਰਚਰਨ ਸਿੰਘ ਔਲਖ*

ਕਰਮਾਂ ਵਾਲੇ ਜਿਉਣ ਜੋਗੇ ਕਿਉਂ ਕੁਵੇਲੇ ਤੁਰ ਗਏ?
ਮੌਤ ਦੀ ਸ਼ੂਕਦੀ ਨਦੀ ਵਿਚ ਵਾਂਗ ਪਤਾਸ਼ਿਆਂ ਖੁਰ ਗਏ।
ਜੋ ਉਨ੍ਹਾਂ ਦੇ ਗਮ ਦਾ ਝੰਬਿਆ ਹੋਵੇ, ਪੋਟਾ ਪੋਟਾ ਅੰਬਿਆ ਹੋਵੇ,
ਉਹ ਵਿਚਾਰਾ ਫਿਰ ਕੀ ਕਰੇ?
ਹੁਣ ਤਾਂ ਉਸਦਾ ਮਰਨ ਨੂੰ ਜੀ ਕਰੇ।

ਜ਼ਿੰਦਗੀ ਵਿੱਚੋਂ ਉਹ ਹੌਲੀ ਹੌਲੀ ਮੁਕਦੇ ਜਾਂਦੇ ਹਾਸੇ?
ਨਿਆਣੀ ਉਮਰ ਦੁੱਖਾਂ ਪੀੜ੍ਹੀ ਜਿਉਂ ਜੌਂ ਖਰਾਸੇ।
ਪੜ੍ਹਨ ਦੀ ਰੁੱਤੇ ਹੱਥ ਨਿਆਣਿਆਂ ਦੇ ਫੜੇ ਨੇ ਕਾਸੇ।
ਕਦ ਤੱਕ ਇਸ ਤਰ੍ਹਾਂ ਲਹੂ ਦੇ ਘੁੱਟ ਪੀ ਕੇ ਸਰੇ?
ਹੁਣ ਤਾਂ ਉਨ੍ਹਾਂ ਦਾ ਮਰਨ ਨੂੰ ਜੀ ਕਰੇ।

ਮੌਤ ਲੋਕਾਂ ਹਿੱਸੇ, ਹਿੱਸੇ ਹਾਕਮਾਂ ਦੇ ਹਾਸੇ
ਚਿੜੀਆਂ ਦਾ ਮਰਨਾ, ਗੰਵਾਰਾਂ ਦੇ ਖੇਡ ਤਮਾਸ਼ੇ,
ਕਿਹੜਾ ਹੁਣ ਵਿਲਕਦੀ ਜਨਤਾ ਨੂੰ ਦਏ ਦਿਲਾਸੇ?
ਜਨਤਾ ਵਿਚਾਰੀ ਕਦ ਤਾਈਂ ਜਬਰ ਜਰੇ?
ਹੁਣ ਤਾਂ ਉਸਦਾ ਮਰਨ ਨੂੰ ਜੀ ਕਰੇ।

ਲੋਕਾਂ ਦੇ ਅਖੌਤੀ ਸੇਵਕ, ਬਣ ਗਏ ਨੇ ਜੋਕਾਂ,
ਲੋਕਾਂ ਦੇ ਰਾਹਾਂ ਵਿਚ ਸੂਲੀਆਂ, ਫੰਧੇ ਤੇ ਰੋਕਾਂ,
ਵੇਚ ਵੇਚ ਜ਼ਮੀਨਾਂ, ਘਰ ਘਾਟ ਤੇ ਢੋਕਾਂ,
ਵਖਤ ਮਾਰਿਆਂ ਨੇ ਦਰਿਆ ਅੱਗ ਦੇ ਤਰੇ
ਹੁਣ ਤਾਂ ਉਹਨਾਂ ਦਾ ਮਰਨ ਨੂੰ ਜੀ ਕਰੇ।

ਦੇਸ ਦੀ ਖਾਤਰ ਜਾਨਾਂ ਵਾਰਨ ਵਾਲੇ ਹੁਣ ਕਿਸ ਨੂੰ ਚੇਤੇ?
ਦੇਸ ਪ੍ਰੇਮ ਦਾ ਪਾਣੀ ਸੁੱਕਾ ਬੇੜੀ ਚੜ੍ਹੀ ਹੈ ਬਰੇਤੇ,
ਗੱਦੀਆਂ ਮੱਲ ਕੇ ਬਹਿ ਗਏ ਗੱਦਾਰਾਂ ਦੇ ਧੇਤੇ ਅਤੇ ਪੁਤੇਤੇ,
ਨੌਕਰੀ ਉਸਨੂੰ ਮਿਲਦੀ ਜੋ ਚੱਟੀ ਭਰੇ।
ਹੁਣ ਤਾਂ ਮਰਨ ਨੂੰ ਜੀ ਕਰੇ।

ਧਰਮ ਦੇ ਨਾਂ 'ਤੇ ਵੱਜਣ ਥਾਂ-ਥਾਂ ਠੱਗੀਆਂ,
ਕਾਲੀਆਂ ਕਰਤੂਤਾਂ ਕਰਨ ਦਾਹੜੀਆਂ ਬੱਗੀਆਂ

ਸ਼ਬਾਬ, ਕਬਾਬ ਤੇ ਸ਼ਰਾਬ ਦੀਆਂ ਦੌੜਾਂ ਲੱਗੀਆਂ,
ਧੀਆਂ ਵਰਗੀਆਂ ਕੰਜਕਾਂ ਰਾਜਿਆਂ ਪਾਈਆਂ ਘਰੇ,
ਹੁਣ ਤਾਂ ਮਰਨ ਨੂੰ ਜੀ ਕਰੇ।
ਬਣ ਸਾਧ ਚੁਮਾਸੇ ਕੱਟਣ, ਭੋਗ ਕਰਦੇ ਚੁੱਕ ਚੁੱਕ ਅੱਡੀਆਂ
ਗਿਰਝਾਂ ਵਾਂਗੂੰ ਝਪਟਦੇ, ਵੇਖ ਵੇਖ ਨਿੱਕੀਆਂ ਵੱਡੀਆਂ
ਬੌਣੇ ਸਾਧਾਂ ਦੇ ਚੜ੍ਹਨ ਨੂੰ ਵਿਦੇਸ਼ੀ ਗੱਡੀਆਂ
ਠੱਗਾਂ ਦਾ ਇਹ ਟੋਲਾ ਪੈਰ ਭੁੰਜੇ ਨਾ ਧਰੇ।
ਹੁਣ ਤਾਂ ਮਰਨ ਨੂੰ ਜੀ ਕਰੇ।
ਸਾਧਾਂ ਸੰਤਾਂ ਦੀ ਗੱਲ ਹੁਣ ਤਾਂ ਅਸਲੋਂ ਮੁੱਕੀ,
ਘਰੋਂ ਭੱਜ ਜਾਂਦੇ ਜਦੋਂ ਰਹਿੰਦੀ ਨਹੀਂ ਪੱਲੇ ਦੁੱਕੀ,
ਪੀਣ ਸ਼ਰਾਬਾਂ, ਵੇਚਣ ਸੁਲਫ਼ਾ, ਗਾਂਜਾ ਤੇ ਭੁੱਕੀ
ਡਾਕੂ ਵੀ ਕਰਤੂਤਾਂ ਵੇਖ ਵੇਖ ਡਰੇ।
ਹੁਣ ਤਾਂ ਮਰਨ ਨੂੰ ਜੀ ਕਰੇ।
ਇਸ ਤਰ੍ਹਾਂ ਦਾ ਹੋ ਗਿਆ ਹੁਣ ਹਾਲ ਪਿਆਰੇ,
ਪਿਉ ਪੁੱਤ ਨੂੰ ਤੇ ਧੀ ਮਾਂ ਨੂੰ ਮਾਰੇ,
ਰੰਨ ਖਸਮ ਵੀ ਇਕ ਦੂਜੇ ਦੇ ਹੋਏ ਹਤਿਆਰੇ,
ਆਖੋ ਇਨ੍ਹਾਂ ਨੂੰ ਕੋਈ ਤਾਂ ਰਿਸ਼ਤੇ ਦੀ ਸ਼ਰਮ ਕਰੇ।
ਹੁਣ ਤਾਂ ਮਰਨ ਨੂੰ ਜੀ ਕਰੇ।
ਸਦਾਚਾਰ, ਸ੍ਰਿਸ਼ਟਾਚਾਰ ਹੈ ਸਭ ਨੇ ਭੁਲਾਇਆ,
ਹਰ ਇਕ ਦੇ ਡੇਲਿਆਂ ਵਿੱਚ ਹੈ ਕਾਮ ਉਤਰ ਆਇਆ,
ਬੱਚੀ, ਬੁੱਢੀ ਨੱਢੀ ਵੇਖਦਿਆਂ ਮਨ ਲਲਚਾਇਆ,
ਹਰ ਕੋਈ ਬਿਗਾਨੀ ਖੁਰਲੀ ਦੇ ਓਖਰ ਤੇ ਮਰੇ।
ਹੁਣ ਤਾਂ ਮਰਨ ਨੂੰ ਜੀ ਕਰੇ।
ਮਰਨਾ ਹੈ ਮੂਰਖਤਾ, ਇਹ ਨਹੀਂ ਖੇਡ ਸੁਖਾਲੀ,
ਪਰ ਇਹ ਮੌਤ ਕਿਸੇ ਗੁਰੂ ਪੀਰ ਤੋਂ ਵੀ ਗਈ ਨਾ ਟਾਲੀ,
ਕਲਾ ਦੀ ਵੇਖ ਕਾਲੇ ਕਾਗਜ਼ਾਂ ਨਾਲ ਭਿਆਲੀ
ਮੇਰਾ ਮਨ ਇਸ ਕਾਲੇ ਜਾਦੂ ਤੋਂ ਡਰੇ।
ਹੁਣ ਤਾਂ ਮਰਨ ਨੂੰ ਜੀ ਕਰੇ।
ਮੁੱਲ ਦੀਆਂ ਵੋਟਾਂ ਤੇ ਲੋਕ ਰਾਜ ਨਹੀਂ ਰਹਿਣਾ,
ਕਾਲੀ ਕਮਾਈ ਦੇ ਨੋਟਾਂ 'ਤੇ ਸਮਾਜ ਨਹੀਂ ਰਹਿਣਾ,
ਥੁੜਾਂ, ਭੁੱਖਾਂ, ਤੋਟਾਂ ਦੇ ਸਿਰ ਤਾਜ ਨਹੀਂ ਰਹਿਣਾ,
ਆਖੋ ਹਾਕਮ ਨੂੰ ਕਦੇ ਤਾਂ ਗੱਲ ਢੰਗ ਦੀ ਕਰੇ।
ਵੇਖ ਉਸਨੂੰ ਹੁਣ ਤਾਂ ਮਰਨ ਨੂੰ ਜੀ ਕਰੇ।

* 21/14, ਸਾਹਿਤ ਸਦਨ, ਜ਼ੀਰਾ-142047, ਜ਼ਿਲ੍ਹਾ ਫਿਰੋਜ਼ਪੁਰ।

# ਕੁਝ ਨਹੀਂ ਸਾਡੇ ਕੋਲ

-ਡਾ. ਸੰਤੋਖ ਸਿੰਘ 'ਸ਼ਹਰਯਾਰ' *

ਨਾ ਸਾਡੀ ਖੇਡ
ਤੇ ਨਾ ਸਾਡਾ ਵਿਹੜਾ
ਅਸੀਂ, ਬੱਸ, ਖ਼ਬਰੇ ਕਿੰਝ ਆਏ

ਨਾ ਸਾਡੀ ਝੀਲ
ਬਿਲੌਰੀ ਮਣੀਆਂ
ਅਸੀਂ ਭਰਮ ਗਏ ਭਰਮਾਏ

ਡੰਡੀਆਂ
ਪਗਡੰਡੀਆਂ, ਬ੍ਰਹਮੰਡੀਆਂ
ਅਸੀਂ ਝੂਠ ਬੜੇ ਅਜ਼ਮਾਏ

ਤ੍ਰੇਲ ਸਮਾ ਲਏ
ਸ਼ਕਲ ਅਸਾਡੀ
ਤੇ ਫਿਰ ਬੂੰਦ ਬੂੰਦ ਉਡ ਜਾਏ

* ਅੰਮ੍ਰਿਤਸਰ
ਫੋਨ : 097790-22589

# ਖਾਲੀ ਕਲਬੂਤ

-ਡਾ. ਰਵਿੰਦਰ*

ਘੁੱਗੀਆਂ ਕਬੂਤਰਾਂ ਦੇ ਆਲ੍ਹਣੇ ਤਬਾਹ ਹੋਏ
ਤੇਰਾ ਘਰ ਵੱਸਿਆ ਤਾਂ ਕੀ ਵੱਸਿਆ
ਹੰਝੂਆਂ ਦੀ ਹੁੰਦੀ ਬਰਸਾਤ ਵਿਚ ਰੋਂਦੇ ਰੋਂਦੇ
ਮਸਖ਼ਰਾ ਜੇ ਹੱਸਿਆ ਤਾਂ ਕੀ ਹੱਸਿਆ।

ਗੱਲਾਂ ਵਿੱਚੋਂ ਗੱਲ ਗੁੰਮੀ ਜੂਠੇ ਹੋਏ ਬੋਲ ਸੁੱਚੇ
ਸੀਤ ਲਹਿਰ ਚੱਲੀ ਖੰਡਰਾਂ ਦੇ ਸ਼ਹਿਰ ਵਿੱਚ
ਚੁੱਪ ਸਾਡੀ ਮੁੜ ਆਈ ਤੇਰੀਆਂ ਬਰੂਹਾਂ ਉੱਤੋਂ
ਦੁੱਖ ਬੋਲ ਦੱਸਿਆ ਤਾਂ ਕੀ ਦੱਸਿਆ।

ਨਜ਼ਰਾਂ 'ਚ ਫੈਲਿਆ ਬਰੇਤਾ ਦੂਰ ਦੂਰ ਤਾਈਂ
ਕਿਤੇ ਵੀ ਨਾ ਬੱਦਲੀ ਦੀ ਛਾਂ ਦਿਸਦੀ
ਹੰਝੂਆਂ ਦੇ ਹੜ੍ਹ ਵਿੱਚ ਰੁੜ੍ਹ ਚੱਲੀ ਜਿੰਦ ਜਦੋਂ
ਉਦੋਂ ਸਾਉਣ ਵੱਸਿਆ ਤਾਂ ਕੀ ਵੱਸਿਆ।

ਨਿੱਕੇ ਨਿੱਕੇ ਹੱਥ ਨੇ ਤੇ ਨਿੱਕੇ ਨਿੱਕੇ ਪੈਰ ਸਾਡੇ
ਉਮਰਾਂ ਤੋਂ ਲੰਮੀਆਂ ਮਜੂਰੀਆਂ
ਝਾਂਜਰਾਂ ਵੀ ਸਾਡੇ ਪੈਰੀਂ ਬੇੜੀਆਂ ਤੋਂ ਭਾਰੀਆਂ ਨੇ
ਇਹਨੀਂ ਪੈਰੀਂ ਨੱਚਿਆ ਤਾਂ ਕੀ ਨੱਚਿਆ।

ਅੱਖਾਂ ਸੁੱਕ ਚੱਲੀਆਂ ਤੇ ਚੇਤੇ ਭੁੱਲ ਜਾਣ ਲੱਗੇ
ਖ਼ੁਰਾ ਖੋਜ ਕੋਈ ਨਹੀਂਓਂ ਲੱਭਦਾ
ਰੂਹ ਉੱਡ ਚੱਲੀ ਖ਼ਾਲੀ ਬਚੇ ਕਲਬੂਤ ਨੂੰ ਜੇ
ਤੇਰਾ ਪਤਾ ਲੱਗਿਆ ਤਾਂ ਕੀ ਲੱਗਿਆ।

# ਪੁੱਤ ਪੰਜਾਬ ਦਿਓ

-ਤੇਜਵੰਤ ਸਿੰਘ ਭੰਡਾਲ*

ਪੁੱਤ ਬਈ ਪੰਜਾਬ ਦਿਓ, ਫੁੱਲ ਬਈ ਗੁਲਾਬ ਦਿਓ
ਵੇਲੇ ਸਿਰ ਸਾਂਭ ਲਓ ਵੇਲਾ, ਵੇਲਾ ਜਦ ਰਹਿਣਾ ਨਹੀਂ
ਅੰਗਰੇਜ਼ ਭਾਵੇਂ ਬਣੋ ਫੇਰ ਪੰਜਾਬੀ ਕਿਸੇ ਕਹਿਣਾ ਨਹੀਂ
ਸਾਂਭ ਲਓ ਪੰਜਾਬ ਆਪਣਾ ਵਾਰਿਸ ਪੰਜਾਬ ਦਿਓ।
ਤੁਰ ਪ੍ਰਦੇਸ ਗਏ ਖਾਲੀ ਕਰਤਾ ਪੰਜਾਬ ਯਾਰੋ।
ਜੂੜੇ ਉੱਤੇ ਬੰਨ੍ਹ ਚਿੱਟੇ ਰੁਮਾਲ ਸੀ ਖੇਡਦੇ ਮੈਦਾਨੀਂ ਓਏ,
ਕੰਨਾਂ 'ਚ ਨੱਤੀਆਂ ਨੇ ਗਾਲ਼ ਲਈ ਜਵਾਨੀ ਓਏ,
ਕਾਹਦਾ ਹੁਣ ਰੋਅਬ ਦਿੱਤਾ ਰੋਲ ਹੈ ਪੰਜਾਬ ਯਾਰੋ।
ਰੰਗਲੀ ਜਵਾਨੀ ਬਿਨਾਂ ਕਾਹਦਾ ਰੰਗਲਾ ਪੰਜਾਬੀ
ਕੁੰਢੀਆਂ ਨੇ ਮੁੱਛਾਂ ਤੁਹਾਡੀ ਟੌਹਰ ਸੀ ਨਵਾਬੀ
ਦਸਤਾਰ ਸਿਰ ਸਜੇ ਤੁਹਾਡੀ ਪਛਾਣ ਹੈ ਅਲੱਗ
ਕਲੀਨ ਸ਼ੇਵ ਹੋਇਆ ਲੱਗੇ ਪ੍ਰਦੇਸੀ ਵੱਗ
ਪੜ੍ਹ ਕੇ ਵੀ ਭੁੱਲ ਗਿਐਂ ਲਿਆਕਤਾਂ ਨੂੰ
ਪੰਜਾਬ ਮਸਾਂ ਬਚਿਆ ਸੀ ਤੋੜ ਕੇ ਰਿਆਸਤਾਂ ਨੂੰ
ਦਾਰੂ ਯਾਰਾ ਨਿੱਤ ਪੀਵੇਂ ਭੁੱਲ ਕੇ ਨਿਆਮਤਾਂ ਨੂੰ
ਮਾਂ ਬੋਲੀ ਵੀ ਭੇਟ ਚੜ੍ਹੀ ਫੋਕੀਆਂ ਸਿਆਸਤਾਂ ਨੂੰ
ਮੱਲਾਂ ਮਾਰੀਆਂ ਵਿੱਚ ਹਾਕੀ, ਖੇਡ ਸੀ ਕਬੱਡੀ ਤੇਰੀ
ਕਾਹਦੀ ਕ੍ਰਿਕਟ ਆਈ ਖੇਡਾਂ 'ਚ ਹੈ ਤੇਰੀ ਮੇਰੀ
ਸੱਟੇ ਲੱਗਦੇ ਖੇਡ ਖਿਡਾਰੀਆਂ ਦੇ ਉੱਤੇ
ਪੈਸੇ ਦੀ ਹੋੜ ਪੱਲੇ ਹੈ ਤੇਰੀ ਮੇਰੀ
ਕਿਸਾਨ ਕਰਜਈ ਪੱਲੇ ਝਾੜ ਮਜ਼ਦੂਰੀ ਗਈ
ਮਿਹਨਤ ਜੋ ਤੇਰੀ ਖੂਹ ਖਾਤੇ ਪਈ
ਖੁਦਕਸ਼ੀ ਤੱਕ ਮਿਹਨਤੀ ਕਿਸਾਨ ਮਜ਼ਦੂਰ ਅੱਪੜੇ
ਲੀਡਰਾਂ ਨੂੰ ਤਾਂ ਆਪਣੀ ਕੁਰਸੀ ਬਚਾਉਣ ਦੀ ਹੈ ਪਈ
ਖੁਰਦਾ ਪੰਜਾਬ ਜਾਂਦਾ ਬਚਾ ਲੈ ਪੰਜਾਬੀਆ
ਕਹੇ 'ਭੰਡਾਲ' ਇਹੀ ਜ਼ਿੰਮੇਵਾਰੀ ਸਿਰ ਤੇਰੇ ਪਈ।

* ਪਿੰਡ ਤੇ ਡਾ. ਕਨੇਚ,
ਲੁਧਿਆਣਾ, ਫੋਨ : 98152-67963

# ਮਾਂ ਬੋਲੀ ਪੰਜਾਬੀ ਜ਼ਿੰਦਾਬਾਦ

**-ਤੇਜਵੰਤ ਸਿੰਘ ਭੰਡਾਲ***

ਪੈਸਾ ਪੈਸਾ ਕਰਦੇ ਲੋਕੋ ਵੇਚ ਦਿਓ ਭਾਵੇਂ ਜਾਇਦਾਦਾਂ,
ਪਰ ਪੈਸੇ ਦੀ ਖਾਤਰ ਜ਼ਮੀਰ ਨਾ ਵੇਚੋ।
ਪੰਜਾਬੀਅਤ ਆਵਾਜ਼ ਹੈ ਜ਼ਮੀਰ ਦੀ,
ਸ਼ੋਹਰਤ ਖਾਤਰ ਨਾ ਜ਼ਮੀਰ ਨੂੰ ਰੋਕੋ।
ਕੁਦਰਤੀ ਤੋਹਫੇ ਆਬਾਦ ਰਹਿਣਗੇ,
ਰਿਸ਼ਤੇ ਨਾਤੇ ਨਾਜ਼ ਰਹਿਣਗੇ।
ਪੰਜਾਬੀ ਸਾਰੇ ਰਲਕੇ ਜਦ,
ਪੰਜਾਬੀ ਜ਼ਿੰਦਾਬਾਦ ਕਹਿਣਗੇ।
ਟਾਹਣੀ ਨਾ ਤੋੜੋ ਫੁੱਲ ਨਹੀਂ ਲੱਗਣੇ,
ਪੁੱਤ ਮਾਂ ਨੂੰ ਕੁਮਾਂ ਕਹਿਣਗੇ।
ਮਾਂ ਬੋਲੀ ਜਦ ਰਹੂ ਆਬਾਦ,
ਪੰਜਾਬੀ ਰਹਿਣਗੇ ਜਿੰਦਾਬਾਦ।
ਪੰਜਾਬ ਦੇ ਵਾਰਸੋ ਇਹੀ ਹੈ
'ਭੰਡਾਲ' ਦੀ ਜ਼ਮੀਰਕ ਆਵਾਜ਼
ਮਾਂ ਬੋਲੀ ਪੰਜਾਬੀ
ਜਿੰਦਾਬਾਦ ਜਿੰਦਾਬਾਦ ਜਿੰਦਾਬਾਦ,

**ਅਖੌਤੀ ਲੀਡਰ**

ਕੀਰਨੇ ਪਾਉਂਦੇ ਜੋ ਹੁਣ ਦੂਜੇ ਦੇ,
ਇਹਨਾਂ ਕੀ ਲੱਲ਼ਰ ਲਾਏ ਨੇ।
ਪਰਦੇ ਪਿੱਛੇ ਬੈਠ ਇਨ੍ਹਾਂ,
ਰੱਜਵੇਂ ਨੋਟ ਕਮਾਏ ਨੇ।
ਪੁੱਤ ਲੋਕਾਂ ਦੇ ਚਾੜ੍ਹੇ ਸੂਲੀ,
ਪੁੱਤ ਆਪਣੇ ਲੀਡਰ ਬਣਾਏ ਨੇ।
ਆਪ ਕਰਨ ਇਹ ਐਸ਼ ਯਾਰੋ,
ਲਾ ਮੋਰਚੇ ਲੋਕ ਮਰਾਏ ਨੇ।
ਕਹੇ 'ਭੰਡਾਲ' ਅਜੇ ਹੋਰ ਵੇਖਣੇ ਨੇ,

ਇਹਨਾਂ ਪਹਿਲਾਂ ਕੀ ਕੀ ਰੰਗ ਦਿਖਾਏ ਨੇ।
'ਪੰਜਾਬੀ ਬੋਲੋ ਪੰਜਾਬੀ ਬਣੋ
ਗੋਰੇ ਕੱਢ ਕੇ ਕਾਲੇ ਨਾ ਅੰਗਰੇਜ਼ ਬਣੋ'।

* ਪਿੰਡ ਤੇ ਡਾ. ਕਨੇਚ, ਲੁਧਿਆਣਾ, ਫੋਨ : 98152-67963

# ਗ਼ਜ਼ਲਾਂ

-ਤ੍ਰੈਲੋਚਨ ਲੋਚੀ*

ਹਰ ਥਾਂ ਸੌਦੇ ਹੋਈ ਜਾਂਦੇ।
ਰਿਸ਼ਤੇ ਫਿੱਕੇ ਹੋਈ ਜਾਂਦੇ।
ਰੁਤਬੇ ਉੱਚੇ ਹੋਈ ਜਾਂਦੇ,
ਬੰਦੇ ਬੌਣੇ ਹੋਈ ਜਾਂਦੇ।
ਕੰਧਾਂ ਦੀ ਇਹ ਸਾਜ਼ਿਸ਼ ਦੇਖੋ,
ਘਰ ਨੇ ਨਿੱਕੇ ਹੋਈ ਜਾਂਦੇ।
ਦੇਖ ਨਵੀਂ ਤਹਿਜ਼ੀਬ ਦੇ ਚਾਲੇ,
ਗੁੰਮ ਸੁੰਮ ਬਾਬੇ ਹੋਈ ਜਾਂਦੇ।
ਹਰ ਵਸਤੂ ਦੇ ਦਾਮ ਅਕਾਸ਼ੀਂ,
ਬੰਦੇ ਸਸਤੇ ਹੋਈ ਜਾਂਦੇ।
'ਲੋਚੀ' ਹੁਣ ਤੂੰ ਬਣੀਂ ਸਿਆਣਾ,
ਬੱਚੇ ਵੱਡੇ ਹੋਈ ਜਾਂਦੇ।

***

ਉਹ ਜੋ ਰਾਜਧਾਨੀ ਦੇ ਬਾਸ਼ਿੰਦੇ।
ਅਸਾਨੂੰ ਲਾਰਿਆਂ ਬਿਨ ਕੀ ਨੇ ਦਿੰਦੇ।
ਕਿਹੋ ਜਿਹੇ ਜ਼ਿੰਦਗੀ ਦੇ ਹਾਦਸੇ ਨੇ,
ਨਾ ਚੰਦਰੇ ਜੀਣ ਨਾ ਹੀ ਮਰਨ ਦਿੰਦੇ।
ਸੁਰਾਂ ਦੀ ਇਸ ਨਗਰ ਨੂੰ ਸਮਝ ਕਿੱਥੇ?
ਵਿਚਾਰੇ ਜਾਣ ਹੁਣ ਕਿੱਥੇ ਸਾਜ਼ਿੰਦੇ!
ਰਹੇ ਨਾ ਬਿਰਖ, ਵਣ ਹਰਿਆਵਲੇ ਨਾ,
ਉਸਾਰਨ ਆਲ੍ਹਣਾ ਕਿੱਥੇ ਪਰਿੰਦੇ?
ਕਦੇ ਸ਼ੁਭ ਕਰਮ ਤੋਂ ਨਾ ਥਿੜਕ ਜਾਵਾਂ,
ਤੂੰ ਦੇਹ ਵਰਦਾਨ ਮੈਨੂੰ ਹੇ ਗੋਬਿੰਦੇ।
ਵਿਦੇਸ਼ਾਂ ਦੀ ਕੇਹੀ ਛਣਕਾਰ 'ਲੋਚੀ',
ਨਚਾਈ ਜਾ ਰਹੀ ਹੈ ਪੁੱਤ ਛਿੰਦੇ।

*20-ਸੈਕਿੰਡ ਫਲੋਰ, ਐੱਚ.ਆਈ. ਜੀ.
ਰਾਜ ਗੁਰੂ ਨਗਰ-ਲੁਧਿਆਣਾ। ਫੋਨ : 98142-5331

# ਬੰਸਰੀ

-ਧਰਮਿੰਦਰ ਸੇਖੋਂ*

ਰੁੱਖ ਨੂੰ
ਨਹੀਂ ਪਤਾ ਹੁੰਦਾ
ਕਿ ਉਹ
ਕਿਸ ਜੂਨੀ ਪੈਣੇ....

ਰੁੱਖ ਫਿਰ ਵੀ
ਜਾਣਦੈ
ਪਾਣੀ ਦੀ ਕਟੋਰੀ
ਤੇ ਕੁਹਾੜੀ ਚੁੱਕਣ ਵਾਲੇ
ਬੰਦੇ ਦੇ ਦਿਲ ਦੀ ਧੜਕਣ....

ਕਦੇ ਕਿਸੇ ਬੰਦੂਕ ਦਾ ਹੱਥਾ
ਬੂਹੇ ਦੀ ਚੁਗਾਠ
ਕਿਸੇ ਦਫ਼ਤਰ ਦੀ ਕੁਰਸੀ
ਜਾਂ ਕਿਸੇ ਕਿਤਾਬ ਦਾ ਵਰਕਾ....
ਉਹ ਨਹੀਂ ਜਾਣਦਾ
ਕਿ
ਕਿਸ ਜੂਨੀ ਪੈਣੈ
ਉਹ ਤੇ
ਕੱਟਣ ਤੋਂ ਪਹਿਲਾਂ ਹੀ ਮਰ ਜਾਂਦੈ
ਜਦ ਸੋਚਦੈ
ਆਪਣੀ ਬੁੱਕਲ 'ਚ ਪਲ੍ਹਦੇ
ਦੋ ਬੋਟਾਂ ਬਾਰੇ
ਉਨ੍ਹਾਂ ਦੇ ਆਲ੍ਹਣੇ ਬਾਰੇ
ਦੂਰ ਚੋਗਾ ਚੁਗਣ ਗਏ
ਉਹਨਾਂ ਦੇ ਮਾਂ ਪੇ ਬਾਰੇ

ਉਹ ਤਾਂ ਪਹਿਲਾਂ ਹੀ ਮਰ ਜਾਂਦੈ
ਜਦ ਸੋਚਦੈ
ਉਸਦੀ ਸੱਜੀ ਬਾਂਹ ਤੇ ਪਾਈ
ਗੁਆਂਢੀ ਬੱਚਿਆਂ ਦੀ ਪੀਂਘ ਬਾਰੇ
ਜੋ ਸਕੂਲੋਂ ਪਰਤਣਗੇ
ਉਹ ਨਹੀਂ ਹੋਵੇਗਾ....

ਉਹ ਤੇ ਪਹਿਲਾਂ ਹੀ ਮਰ ਜਾਂਦੈ
ਪਿੰਡ ਦੇ ਦੂਜੇ ਪਾਸਿਓਂ ਆਉਂਦੀ
ਬੁੱਢੀ ਬੇਬੇ ਬਾਰੇ ਸੋਚ ਕੇ
ਜੋ ਦਿਨ ਦਿਹਾੜੇ
ਜੜੀਂ ਪਾਣੀ ਦਿੰਦੀ
ਚਾਰ ਦਾਣੇ ਧਰਦੀ
ਪਲੋਸਦੀ
ਖਬਰੇ ਅਸੀਸ ਦਿੰਦੀ ਕਿ ਲੈਂਦੀ...

ਪਾਣੀ ਨੂੰ ਦੇਖ
ਕਿੰਨੇ ਵਾਰ ਧੜਕਦੈ
ਰੁੱਖ ਦਾ ਦਿਲ
ਤੇ
ਕੁਹਾੜੀ ਨੂੰ ਦੇਖ
ਕਿੰਨੇ ਵਾਰ
ਮਰਦੈ ਰੁੱਖ....।

# ਪਿੰਡਾਂ ਨੂੰ ਖਾ ਲਿਆ ਸ਼ਹਿਰਾਂ ਨੇ

-ਦੀਪ ਦਿਲਬਰ*

ਹਵਾ ਵਿੱਚ ਧੂੰਆਂ ਫੈਲ ਗਿਆ,
ਪਾਣੀ ਵਿੱਚ ਘੁੱਲੀਆਂ ਜ਼ਹਿਰਾਂ ਨੇ।
ਪਿੰਡਾਂ ਨੂੰ ਖਾ ਲਿਆ, ਪਿੰਡਾਂ ਨੂੰ ਖਾ ਲਿਆ ਸ਼ਹਿਰਾਂ ਨੇ
ਪਿੰਡਾਂ ਨੂੰ ਖਾ ਲਿਆ....।
ਧਰਤੀ ਦਾ ਪਾਣੀ ਮੁੱਕ ਜਾਣਾ,
ਸਭ ਰੁੱਖਾਂ ਨੇ ਵੀ ਸੁੱਕ ਜਾਣਾ।
ਰੂਪ ਛੱਪੜ ਦਾ ਧਾਰ ਲਿਆ,
ਵਿੱਚੋਂ ਲੰਘਦੇ ਨਾਲੇ ਨਹਿਰਾਂ ਨੇ।
ਪਿੰਡਾਂ ਨੂੰ ਖਾ ਲਿਆ....।
ਨਿੱਤ ਨਵੀਂ ਕਲੋਨੀ ਕੱਟ ਰਹੇ,
ਕਰ ਉਪਜਾਊ ਜ਼ਮੀਨ ਨੂੰ ਘੱਟ ਰਹੇ।
ਹੁਣ ਆਉਣ ਵਾਲੀ ਪੀੜ੍ਹੀ ਲਈ,
ਨਾ ਦਿਖਦੀਆਂ ਕਿੱਧਰੇ ਖੈਰਾਂ ਨੇ।
ਪਿੰਡਾਂ ਨੂੰ ਖਾ ਲਿਆ....।
ਹੱਟੀਆਂ ਦੇ ਸੌਂਦੇ ਭੁੱਲ ਰਹੇ,
'ਸ਼ਾਪਿੰਗ ਮਾਲ' ਨੇ ਦੇਖੋ ਖੁੱਲ੍ਹ ਰਹੇ।
'ਫਾਸਟ-ਫੂਡ' ਨੂੰ ਖਾਣ ਲੱਗੇ,
ਮੈੱਕਡਾਨਲ 'ਤੇ ਲਹਿਰਾਂ-ਬਹਿਰਾਂ ਨੇ।
ਪਿੰਡਾਂ ਨੂੰ ਖਾ ਲਿਆ....।
ਹਰ ਮਸਲਾ ਆਪੇ ਹੱਲ ਹੋ ਜੇ,
ਆਬਾਦੀ ਘੱਟ ਕਰਨ ਦੀ ਗੱਲ ਹੋ ਜੇ।
ਵਿਸ਼ਵੀਰਕਰਨ ਦੇ ਮੁੱਦੇ ਉੱਤੇ,
ਬੜਾ ਲਿਖ ਦੇਣਾ ਏ ਸ਼ਾਇਰਾਂ ਨੇ।
ਪਿੰਡਾਂ ਨੂੰ ਖਾ ਲਿਆ, ਪਿੰਡਾਂ ਨੂੰ ਖਾ ਲਿਆ ਸ਼ਹਿਰਾਂ ਨੇ
ਪਿੰਡਾਂ ਨੂੰ ਖਾ ਲਿਆ....।

* ਪਿੰਡ ਕੋਟਾਲਾ, ਤਹਿਸੀਲ ਸਮਰਾਲਾ।
ਲੁਧਿਆਣਾ। ਫੋਨ : 98557-21844

# ਮਹਾਂਨਗਰ ਬਣੀ ਤ੍ਰਿਵੈਣੀ

-ਦਲਜੀਤ ਕੌਰ ਦਾਊਂ*

ਮੇਰੇ ਪਿੰਡ ਦੀ
ਤ੍ਰਵੈਣੀ ਵਿੱਚ,
ਪਿੱਪਲ, ਨਿੰਮ ਤੇ ਬੋਹੜ ਪਿਆਰੇ ;
ਕਈ ਯੁੱਗਾਂ ਤੋਂ ਛਾਵਾਂ ਦਿੰਦੇ।
ਇੱਕ ਖੂਹੀ 'ਤੇ ਡੋਲ ਪੁਰਾਣਾ,
ਮੌਣ 'ਤੇ ਗੱਡੀ ਭੌਣੀ ਦੇ ਸੰਗ,
ਜਰ-ਖਾਧੀ ਸੰਗਲੀ ਨਾਲ ਬੱਝਾ।
ਤਿੱਖੜ ਧੁੱਪਾਂ, ਸਿਖਰ ਦੁਪਹਿਰੇ,
ਜਦ ਕੁਮਲਾਇਆ ਤੇ ਮੁਰਝਾਇਆ
ਆਸ ਨੂੰ ਮੋਢੇ ਚੁੱਕ, ਕੋਈ ਰਾਹੀ ਆਉਂਦਾ,
ਖੂਹੀ ਵਿੱਚ ਡੋਲ ਫਰ੍ਹਾਉਂਦਾ,
ਪਾਣੀ ਨਾਲ ਪਿਆਸ ਬੁਝਾਉਂਦਾ
ਕੁਝ ਪਲ ਛਾਵੇਂ ਬਹਿ ਸੁਸਤਾਉਂਦਾ।
ਬੋਹੜ ਦਾਦੇ ਵਰਗਾ ਲਗਦਾ,
ਪਿੱਪਲ ਲੱਗਦਾ ਬਾਪੂ ਵਰਗਾ,
ਨਿੰਮ ਧਿਆਣੀ ਮਾਂ ਵਰਗੀ,
ਦੁੱਖ-ਸੁੱਖ ਦੀ ਹਾਮੀ ਭਰਦੀ।
ਕੁਝ ਸਾਲਾਂ ਤੋਂ
ਇੱਕ ਰਿਸ਼ੀ ਨੇ
ਤ੍ਰਵੈਣੀ ਵਿੱਚ ਕੁੱਲੀ ਪਾਈ
ਉਸਨੂੰ ਆਪਣੀ ਸਾਰੀ ਜਿੰਦ ਦੀ
ਧੂਣੀ ਤਾਅ ਕੇ ਕਥਾ ਸੁਣਾਈ।
ਵੇਦ ਕਤੇਬਾਂ ਦਾ ਉਹ ਜਾਣੂ,
ਦਵਾ ਦਾਰੂ ਦਾ ਪਹਿਚਾਣ,
ਆਉਂਦੇ ਜਾਂਦੇ,
ਮੈਂ ਵੀ
ਤ੍ਰਵੈਣੀ ਨੂੰ ਜਲ ਚੜ੍ਹਾਵਾਂ।

ਪੱਛਮ ਦੀ ਨ੍ਹੇਰੀ ਕੀ ਵੱਗੀ,
ਵਿਕ ਗਏ ਬਾਗ਼-ਬਗੀਚੇ ਸਾਰੇ,
ਖੇਤ ਬੰਨੇ ਹੋ ਗਏ ਪਰਾਏ,
ਤ੍ਰਵੈਣੀ ਵੀ ਵਿਕ ਗਈ ਨਾਲੇ
ਕੁੱਲੀ ਨੂੰ ਵੀ ਪੈ ਗਏ ਲਾਲੇ।
ਰਿਸ਼ੀ, ਵੇਦ-ਗ੍ਰੰਥ ਚੁੱਕ ਭੱਜਾ,
ਉਸਨੂੰ ਪਰ ਕੋਈ ਥਾਂ ਨਾ ਲੱਭਾ,
ਜੋ ਹੋਵੇ ਸੰਘਣੀ ਛਾਂ ਵਾਲਾ,
ਨਾਲ ਹੋਵੇ ਕੋਈ ਖੂਹ ਜਾਂ ਨਾਲ਼ਾ।
ਜਿੱਧਰ ਦੇਖੋ
ਕੰਕਰੀਟ ਦਾ ਜੰਗਲ ਉੱਗਿਆ,
ਨਾ ਕੋਈ ਰੁੱਖ ਨਾ ਕੋਈ ਖਾਲ਼ਾ,
ਜਿੱਥੇ ਬਹਿ ਕੇ ਜਪੇ ਉਹ ਮਾਲਾ,
ਕਿੱਥੇ ਪੂਰੇ ਸੰਖ ਵਿਚਾਰਾ।
ਇੱਕ ਦਿਨ
ਦੇਖਿਆ ਮੈਂ,
ਇੱਕ ਮੰਡੀ ਵਾਲਾ,
ਭਾਂਤ ਭਾਂਤ ਦੀਆਂ ਵਸਤਾਂ ਵੇਚੇ,
ਸ਼ੋਰ-ਸ਼ਰਾਬਾ, ਗੱਡੀਆਂ ਵਾਲਾ,
ਬਿਨ ਅੱਗ ਲੱਗਿਆਂ ਧੂੰਆਂ ਈ ਧੂੰਆਂ।
ਚੰਗਾ ਭਲਾ ਬੰਦਾ
ਚੀਜ਼ਾਂ ਪਿੱਛੇ ਭੱਜਿਆ ਫਿਰਦਾ,
ਬਿਨ ਲੋੜੋਂ ਈ ਇਕੱਠੀਆਂ ਕਰਦਾ,
ਘਰ ਵਿੱਚ ਭੀੜ-ਭੜੱਕਾ ਵਧਦਾ,
ਮਨ ਨੂੰ ਚੈਨ ਰਹਿਤ ਹੈ ਕਰਦਾ,
ਇਹ ਹੈ ਮੰਡੀਕਰਨ ਦਾ ਬਰਦਾ,
ਸੰਸਾਰੀਕਰਨ ਦਾ ਪਾਣੀ ਭਰਦਾ।
ਸੋਚ ਨਿਆਣੀ ਜਰ ਨੇ ਖਾਧੀ,
ਇਕੱਲ 'ਚ ਖੜ੍ਹਕੇ
ਇੰਜ ਮੈਂ ਸੋਚਾਂ
ਮੇਰੇ ਪਿੰਡ ਨੂੰ ਕੀ ਹੋਇਆ
ਬੇ-ਪਹਿਚਾਣ ਜਿਹਾ ਹੈ ਹੋਇਆ।
ਸਾਰੇ ਹੀ ਘਰ,
ਨੰਬਰਾਂ ਵਾਲੇ,

ਪਤਾ ਨਾ ਲੱਗੇ, ਕੀਹਦੇ ਦਰ ਨੇ,
ਨਾ ਕੋਈ ਨਾਮ ਦੀ ਫੱਟੀ ਦਿੱਸੇ
ਖਾਲੀ-ਖਾਲੀ ਸਾਰੇ ਘਰ ਨੇ।
ਬੰਦਾ ਕੋਈ ਨਜ਼ਰ ਨਾ ਆਵੇ
ਤਾਲੇ ਲੱਗੇ ਸਭ ਦੇ ਘਰ ਨੇ।

ਸਮਝ ਨਾ ਆਵੇ
ਦਿਨ ਦਿਹਾੜੇ,
ਇਹ, ਕਿਸਨੇ ਅੰਦਰ ਤਾੜੇ!

ਫਿਰ ਪਤਾ ਲੱਗਾ
ਕੁਝ ਏਦਾਂ ਈ ਡਰਦੇ
ਦਿਨੇ ਵੀ ਇੱਥੇ ਤਾਲੇ ਲਗਦੇ
ਦਿਨੇ ਵੀ ਇੱਥੇ ਹਰ ਤਰ੍ਹਾਂ ਦੇ,
ਡਾਕੇ ਵੱਜਦੇ!
ਇਹ ਤਾਂ ਮਹਾਂ-ਨਗਰ ਦੇ ਘਰ ਨੇ।

ਰੋਟੀ-ਦੁੱਧ, ਸ਼ਬਜ਼ੀ ਤੇ ਪਾਣੀ,
ਇੱਥੇ, ਠੇਕੇਦਾਰਾਂ ਹੀ ਪਹੁੰਚਾਣੀ,
ਇਥੇ ਨਹੀਂ ਕੋਈ ਬੇਬੇ ਰਾਣੀ
ਆਪ ਪਕਾਣੀ ਤੇ ਆਪੇ ਖਾਣੀ।

ਐਂਬੂਲੈਂਸ ਵੀ ਘਰ ਹੀ ਆਉਂਦੀ,
ਦਵਾ-ਦਾਰੂ ਆਪੇ ਪਹੁੰਚਾਉਂਦੀ।
ਬੱਚੇ ਪੜ੍ਹਨ ਲਈ ਸਕੂਲੇ,
ਆਪੇ ਬੱਸ ਆਉਂਦੀ ਤੇ ਜਾਂਦੀ।
ਲੋਕੀ ਅੰਦਰੋਂ ਤਾਲਾ ਲਾ ਕੇ,
ਆਪਣੇ ਘਰ ਦੇ ਅੰਦਰ ਬਹਿੰਦੇ।

ਕਾਮਿਆਂ ਨੂੰ ਆਪੇ ਲੈ ਜਾਂਦੀ
ਕੰਪਨੀ, ਆਪੇ ਹੀ ਛੱਡ ਜਾਂਦੀ,
ਬਜ਼ੁਰਗਾਂ ਨੇ ਤਾਲਾ ਲਾ ਕੇ
ਬਸ, ਘਰ ਹੀ ਰਹਿਣਾ ਹੁੰਦਾ।

ਪਿੰਡ ਕਿਸੇ ਦਾ,
ਕੋਈ ਪਤਾ ਨਹੀਂ।
ਕਿੱਥੇ ਆਏ
ਕਦ ਤੱਕ ਰਹਿਣਾ,
ਕੋਈ ਪਤਾ ਨਹੀਂ

ਬਸ, ਨੰਬਰਾਂ ਨੇ,
ਨੰਬਰਾਂ ਨਾਲ ਹੀ
ਨੰਬਰਾਂ ਰਾਹੀਂ ਗੱਲ ਕਰਨੀ ਹੈ।
ਕਿਉਂਕਿ
ਇਹ ਮਹਾਂਨਗਰ ਹੈ।
ਇੱਥੋਂ ਦਾ ਵਿਹਾਰ ਇਹੀ ਹੈ।
ਜੇਕਰ ਉੱਚੀ ਉੱਚੀ ਬੋਲੋ,
100 ਨੰਬਰ ਤੋਂ ਗੱਡੀ ਆਵੇ,
ਜੁਰਮਾਨਾ ਕਰ ਫ਼ੀਸ ਭਰਾਵੇ,
ਇੱਥੋਂ ਦਾ ਵਿਹਾਰ ਇਹੀ ਹੈ।
ਕਿਉਂਕਿ
ਹੁਣ ਇਹ,
ਮੇਰਾ ਪਿੰਡ ਨਹੀਂ ਹੈ।
ਇਹ ਤਾਂ ਮਹਾਂਨਗਰ ਦਾ ਪਿੰਡ ਹੈ।
ਛਾਂ ਦੀ ਥਾਵੇਂ
ਇਕੱਲ, ਨੰਬਰ ਤੇ ਤਪਸ਼
ਇਸਦੀ ਤ੍ਰਵੈਣੀ ਹੈ

**# 280 ਫੇਜ਼-6**
**ਮੋਹਾਲੀ।**

# ਰੁੱਖ ਤੇ ਮਨੁੱਖ

-ਦਿਲਰੂਪ

ਕੋਈ ਸ਼ਕਤੀ ਜਿਵੇਂ ਮੈਂਨੂੰ ਖਿੱਚ ਕੇ ਲੈ ਗਈ
ਅਤੇ ਖੇਤਾਂ ਦੇ ਲਾਗੇ ਖੜੇ ਇਕ ਹਰੇ ਭਰੇ
ਰੁੱਖ ਦੇ ਰੂ–ਬ–ਰੂ ਕਰ ਦਿੱਤਾ
ਉਚਾ, ਲੰਬਾ, ਵਿਸ਼ਾਲ ਘੇਰੇ ਦਾ ਰੁੱਖ
ਜਿਵੇਂ ਅਪਣੇ ਆਪ ਵਿਚ
ਪੂਰੀ ਦੁਨੀਆਂ ਵਸਾਈ ਬੈਠਾ ਸੀ
ਧੁੱਪ ਦੀ ਲਿਸ਼ਕੋਰ ਨਾਲ
ਉਸ ਦੀਆਂ ਪੱਤੀਆਂ ਉੱਤੇ
ਹਜ਼ਾਰਾਂ ਚਮਕਦੀਆਂ ਅੱਖਾਂ
ਜਿਵੇਂ ਮੈਂਨੂੰ ਨਿਹਾਰ ਰਹੀਆਂ ਸਨ
ਤੇ ਉਸ ਦੀਆਂ ਸ਼ਾਖਾਵਾਂ
ਅਣਗਿਣਤ ਬਾਹਵਾਂ ਫੈਲਾ
ਮੈਂਨੂੰ ਪੁਕਾਰ ਰਹੀਆਂ ਸਨ
ਕਿੰਨਾ ਹੀ ਚਿਰ ਮੈਂ
ਉਸਨੂੰ ਇਕ ਟੱਕ ਦੇਖਦੀ ਰਹੀ
ਉਸ ਦੀਆਂ ਪੱਤੀਆਂ ਦੀਆਂ
ਬਾਤਾਂ ਸੁਣਦੀ ਰਹੀ
ਤੇ ਉਸ ਵਲੋਂ ਆਉਂਦੀ
ਠੰਡੀ ਹਵਾ ਨੂੰ ਮਾਣਦੀ ਰਹੀ
ਦੇਖਦੇ ਹੀ ਦੇਖਦੇ ਉਹ ਰੁੱਖ
ਰੁੱਖ ਤੋਂ ਚਲਦਾ ਫਿਰਦਾ
ਮਨੁੱਖ ਬਣ ਗਿਆ
ਤੇ ਮੇਰਾ ਆਪਾ
ਜ਼ਮੀਨ ‘ਚ ਗੱਡਿਆ ਹੋਇਆ
ਇਕ ਰੁੱਖ ਬਣ ਗਿਆ
ਸ਼ਾਇਦ ਉਸ ਰੁੱਖ ਨੂੰ

ਦੁਨੀਆਂ ਦੇਖਣ ਦੀ ਲਾਲਸਾ ਸੀ
ਤੇ ਉਹ ਤੁਰ ਪਿਆ
ਮੇਰੀ ਥਾਂ ਤੇ
ਦੁਨੀਆਂ ਦੇ ਰਾਹਾਂ ਤੇ
ਤੇ ਮੈਂ ਉਸਦੀ ਜਗ੍ਹਾ
ਰੁੱਖ ਬਣ ਕੇ ਖੜੋ ਗਈ
ਕਈ ਸਾਲਾਂ ਬਾਅਦ
ਉਹ ਲਭਦਾ ਲਭਾਂਦਾ
ਹੈਰਾਨ ਪਰੇਸ਼ਾਨ, ਪਹੁੰਚ ਗਿਆ
ਉਹਨਾਂ ਹੀ ਖੇਤਾਂ ਵਿਚ ਜਿੱਥੇ ਕਿ ਮੈਂ
ਅਜੇ ਵੀ ਰੁੱਖ ਵਾਂਗਰਾਂ ਖੜੀ ਸੀ
ਮੈਂ ਤਦ ਤਕ ਹੋ ਚੁੱਕੀ ਹਰੀ ਭਰੀ ਸੀ
ਤੇ ਉਹ ਮਨੁੱਖ ਰੁੱਖ ਕੁਝ ਸਾਲਾਂ 'ਚ ਹੀ
ਮੁਰਝਾ ਗਿਆ ਸੀ, ਘਬਰਾ ਗਿਆ ਸੀ
ਉਹ ਅਪਣੇ ਤਨ ਤੇ ਦੁਨੀਆਂ ਦੀ ਗਰਦ ਲੈ
ਅਪਣੀ ਆਤਮਾ ਤੇ ਕੁਕਰਮਾਂ ਦਾ ਬੋਝ ਲੈ
ਮੇਰੇ ਸਾਹਵੇਂ ਫੇਰ ਤੋਂ ਆਣ ਖੜਾ ਹੋਇਆ
ਬਹੁਤ ਪਾਏ ਤਰਲੇ ਉਸਨੇ
ਤੇ ਉਹ ਬੜਾ ਰੋਇਆ
ਕਹਿੰਦਾ, ਮੈਨੂੰ ਮੇਰਾ ਰੁੱਖ ਰੂਪ ਵਾਪਸ ਕਰ ਦੇ
ਤੇ ਅਪਣਾ ਮਨੁੱਖ ਰੂਪ ਮੈਥੋਂ ਲੈ ਜਾ
ਉਸਦੀ ਅਮਾਨਤ ਉਸਨੂੰ ਦੇਂਦਿਆਂ
ਮੇਰੇ ਤਨ ਮਨ ਤੋਂ ਹਰੇ ਪੱਤੇ ਝੜਣ ਲਗੇ
ਤੇ ਮੇਰੇ ਅੰਦਰੋਂ ਮੇਰੇ ਰੁੱਖ ਦਿਨਾਂ ਦਾ ਇਤਿਹਾਸ ਬੋਲਿਆ
ਨਹੀਂ, ਮੈਂ ਤੈਨੂੰ ਇਸਤਰ੍ਹਾਂ ਨਹੀਂ ਮੁਰਝਾਉਣ ਦਿਆਂਗਾਂ
ਮੈਂ ਤੇਰੇ ਅੰਦਰ ਪੁਰਾਣੇ ਦੁੱਖ, ਕਲੇਸ਼, ਫਿਕਰ ਨਹੀਂ ਆਉਣ ਦਿਆਂਗਾਂ
ਮੈਂ ਕੁਝ – ਕੁਝ ਸਾਰੀ ਉਮਰ ਰਹਾਂਗਾ ਤੇਰੇ ਨਾਲ
ਮੈਂ ਤੈਨੂੰ ਵਰ ਦਿਆਂਗਾ
ਕਿ ਜਦ ਵੀ ਕਦੀ ਤੂੰ ਆਪ ਧੁੱਪੇ ਖੜੋ ਕੇ
ਤਪਦੇ ਲੋਕਾਂ ਦੇ ਸਿਰ ਤੇ ਛਾਂ ਕਰੇਂਗੀ
ਮੈਂ ਤੇਰੇ ਮਨ ਦੀਆਂ ਸ਼ਾਖਾਂ ਨੂੰ ਫੇਰ
ਸਾਵੇਂ ਪੱਤਿਆਂ ਨਾਲ ਭਰ ਦਿਆਂਗਾ
ਤੇਰੇ ਸਾਰੇ ਦੁੱਖ, ਕਲੇਸ਼, ਫਿਕਰ ਹਰ ਦਿਆਂਗਾ।

## ਜ਼ਹਿਰ ਹੀ ਜ਼ਹਿਰ

- ਦਿਲਰੂਪ

ਹਵਾ ਜ਼ਹਿਰ
ਪਾਣੀ ਜ਼ਹਿਰ
ਅੰਨ ਰੋਟੀ ਜ਼ਹਿਰ
ਫਲ ਸਬਜ਼ੀ ਜ਼ਹਿਰ
ਵਾਤਾਵਰਣ ਜ਼ਹਿਰ
ਮਾਹੌਲ ਜ਼ਹਿਰ
ਅੱਖ਼ਰ ਜ਼ਹਿਰ
ਕਲਮ ਜ਼ਹਿਰ
ਅਖ਼ਬਾਰ ਜ਼ਹਿਰ
ਟੀ.ਵੀ ਜ਼ਹਿਰ
ਜ਼ਹਿਨ ਜ਼ਹਿਰ
ਜਜ਼ਬਾਤ ਜ਼ਹਿਰ
ਬੋਲਚਾਲ ਜ਼ਹਿਰ
ਮੁਲਾਕਾਤ ਜ਼ਹਿਰ
ਦੁਸ਼ਮਣੀ ਜ਼ਹਿਰ
ਦੋਸਤੀ ਜ਼ਹਿਰ
ਬੈਗਾਨੇ ਜ਼ਹਿਰ
ਆਪਣੇ ਜ਼ਹਿਰ
ਦੁੱਧ ਗਾਂ ਦਾ ਜ਼ਹਿਰ
ਦੁੱਧ ਮਾਂ ਦਾ ਜ਼ਹਿਰ
ਜ਼ਹਿਰ ਹੀ ਜ਼ਹਿਰ
ਜ਼ਹਿਰ ਹੀ ਜ਼ਹਿਰ
ਓ ਰੱਬਾ ਮੇਰੇ
ਇਹ ਕੈਸਾ ਕਹਿਰ
ਸ਼ਹਿਰ ਸ਼ਹਿਰ
ਜ਼ਹਿਰ ਹੀ ਜ਼ਹਿਰ
ਜ਼ਹਿਰ ਹੀ ਜ਼ਹਿਰ।

## ਪਹਿਰ

- ਦਿਲਰੂਪ

ਬੜਾ ਲੰਬਾ ਇਹ ਪੈਂਡਾ ਏ
ਬੜੀ ਤੱਤੀ ਦੁਪਿਹਰ ਏ
ਰੁੱਖ, ਰਾਹੀ, ਪੰਛੀ ਨਾ
ਕੇਹਾ ਤੇਰਾ ਸ਼ਹਿਰ ਏ

ਝੁਲਸਦੀ ਰੇਤ ਦੇ ਕਣ
ਭਾਈਵਾਲ ਨੇ ਅੰਗਿਆਰਾਂ ਦੇ
ਢਾਹੁੰਦਾ ਪਿਆ ਸੂਰਜ
ਜ਼ਮੀਨ ਉਤੇ ਕਹਿਰ ਏ

ਸਰ ਸਰ ਹਵਾ ਆਵੇ
ਜਿਸਮਾਂ ਨੂੰ ਚੀਰੀ ਜਾਵੇ
ਤਪਦਾ ਸਮੁੰਦਰ ਏ ਜਾਂ
ਲਾਟਾਂ ਦੀ ਲਹਿਰ ਏ

ਕਦੇ ਤੇਰੇ ਪਿਆਰ ਦੀ ਸੀ
ਕਦੇ ਇਕਰਾਰ ਦੀ ਸੀ
ਅੱਜ ਨਹੀਂ ਛਾਂ ਕੋਈ
ਕਿਹੋ ਜਿਹਾ ਪਹਿਰ ਏ।

# ਵਿਸ਼ਵ ਵਪਾਰ

**-ਦਾਸ ਭਾਰਤੀ***

ਪਲਾਂ 'ਚ ਢਹਿ ਗਈ
ਖੰਡਰ ਹੋ ਗਈ
ਬਹੁ-ਮੰਜ਼ਲੀ ਇਮਾਰਤ
ਮਲਬੇ ਦੇ ਢੇਰ 'ਚ
ਸਿਮਟ ਗਿਆ ਇੱਕ ਸੰਸਾਰ
ਇੱਕ ਦੁਨੀਆਂ ਉੱਜੜ ਗਈ
ਮਿਟ ਗਈ ਹਰਿਆਲੀ ਦੀ ਪਰਤ
ਸੜ੍ਹ ਸੁਆਹ ਹੋ ਗਈ ਧਰਤ
ਪਰ ਤੁਰ ਪਿਆ ਅੱਗ ਦਾ ਵਪਾਰ
ਬਣ ਗਿਆ ਵਿਸ਼ਵ ਵਪਾਰ....
ਹਰਸ਼ੈਅ ਵਿਕਾਊ
ਹਰ ਵਸਤ ਮੰਡੀ ਦਾ ਮਾਲ
ਪਰਬਤ ਵਿਕਦੇ
ਜੰਗਲ ਵਿਕਦੇ
ਵਿਕਣ ਝੀਲਾਂ ਤੇ ਦਰਿਆ
ਪੌਣ ਵਿਕਾਊ
ਪਾਣੀ ਵਿਕਦਾ
ਵਿਕ ਗਈ ਧਰਤੀ ਮਾਂ
ਸਾਕ ਸਬੰਧੀ ਮਾਲ ਮੰਡੀ ਦਾ
ਬੋਲੀ ਲਗਦੇ ਲਾੜੇ
ਧੀਆਂ ਦੀਆਂ ਨੁਮਾਇਸ਼ਾਂ ਲੱਗਣ
ਵਿਸ਼ਵ ਵਪਾਰ ਦੇ ਪੁਆੜੇ

# ਬਜ਼ਾਰ

-ਦਰਸ਼ਨ ਬੁੱਟਰ*

ਉਹ ਜਗਦੀਆਂ ਕਿਰਨਾਂ
ਕਿੱਥੇ ਗਈਆਂ ਗੁਰਦੇਵ!
ਫਾਨੂਸਾਂ ਦੀ ਨਜ਼ਰ ਤੋਂ ਚੁੰਧਿਆ ਕੇ
ਕਿਤੇ ਹਿਜ਼ਰਤ ਤਾਂ ਨਈਂ ਕਰ ਗਈਆਂ
ਬੁਲਬੁਲੇ ਜਿੰਨੀ ਸਾਡੀ ਆਰਜ਼ੂ
ਭੁਲੇਖਾ ਪਾਲਦੇ ਸਮੁੰਦਰ ਹੋਣ ਦਾ
ਪਲ ਉੱਤੇ ਪਲ ਰੱਖ ਕੇ
ਚਿਣਦੇ ਹਾਂ ਸਾਹਾਂ ਦੀ ਇਮਾਰਤ
ਅੰਦਰ ਭਰੀ ਜਾ ਰਹੇ
ਵਸਤਾਂ ਸਦੀਆਂ ਲਈ
ਕਿੰਨੀ ਚਕਾਚੌਂਧ ਹੈ
ਖ਼ੂਬਸੂਰਤ ਰਿਸ਼ਤਿਆਂ ਦੀ
ਵਿਕਦੇ ਜੋ ਹੱਟੀ ਹੱਟੀ
ਨਜ਼ਰਾਂ ਕਿਉਂ ਸੀਮਤ ਨੇ
ਸ਼ੋਅ ਕੇਸਾਂ ਤੱਕ
ਪਿੰਜਰੇ ਵਿਚਲਾ ਪੰਛੀ
ਉੱਡਣ ਤੋਂ ਇਨਕਾਰੀ ਕਿਉਂ ਹੈ
ਏਨਾ ਵੀ ਕੀ ਤਲਿਸਮ ਹੈ
ਸੋਨੇ ਦੀਆਂ ਸੀਖਾਂ ਵਿੱਚ
ਅਜਿਹੇ ਵੇਲੇ ਵੀ ਵੇਖਣੇ ਸੀ ਅਸੀਂ
ਜਦੋਂ ਦਰਿਆ ਵਗਣ ਬਜ਼ਾਰ ਤੋਂ ਪੁੱਛ ਕੇ
ਕਰੂੰਬਲਾਂ ਫੁੱਟਣ
ਕੀਮਤਾਂ ਦਾ ਉਤਰਾਅ ਚੜ੍ਹਾਅ ਵੇਖ ਕੇ
ਰਿਸ਼ਤੇ ਤੁਲਣ ਤੋਲਿਆਂ ਮਾਸਿਆਂ ਵਿੱਚ
ਹਵਾ
ਕਿਉਂ ਤੁਲਦੀ ਤਰਾਜੂ ਵਿੱਚ
ਕਿੱਥੇ ਗਿਆ
ਪਾਣੀ ਤੇ ਪਿਆਸ ਵਿਚਲਾ ਰਿਸ਼ਤਾ

ਘਰ
ਨੀਂਦ ਲਈ ਬੁੱਕਲ ਕਿਉਂ ਨਹੀਂ ਖੋਲ੍ਹਦੇ
ਗੁਰਦੇਵ!
ਕਦੋਂ ਪਰਤਾਂਗੇ ਰੂਹ ਦੇ ਰੰਗਾਂ ਕੋਲ...
... ... ...
ਤ੍ਰਾਸਦੀ ਦਾ ਕਾਰਨ
ਵਿਗੋਚਾ ਹੈ ਸਾਡਾ ਕੁਦਰਤ ਨਾਲੋਂ
ਆਪਣੇ ਆਪ ਨਾਲੋਂ ਵੀ
ਮੁੱਠੀ ਵਿਚ
ਬਾਹਰਲਾ ਪਸਾਰ ਤਾਂ ਆ ਸਕਦੈ
ਅੰਦਰਲਾ ਸੰਸਾਰ ਨਹੀਂ
ਤੁਰਦੇ ਹੀ ਰਹਿਣਾ
ਰਗਾਂ ਵਿੱਚ ਵਗਦੇ ਲਹੂ ਨੇ
ਦੇਖਣਾ ਤਾਂ ਇਹ
ਕਿ ਲਹੂ ਦੀ ਦਿਸ਼ਾ ਕਿਹੜੀ
ਦੇਹ ਦੀ ਭੁੱਖ ਬੁਰੀ ਨਹੀਂ
ਭੁੱਖ ਦਾ ਰੋਗ ਬੁਰਾ ਹੈ
ਰੂਹ ਦੀ ਤੇਹ ਵੀ ਮਾੜੀ ਨਹੀਂ
ਸੋਚਣਾ ਤਾਂ ਇਹ
ਕਿ ਰੂਹ ਦੀ ਤ੍ਰਿਪਤੀ ਕਿਥੇ ਹੈ
ਚਕਾਚੌਂਧ ਖੋਹ ਲੈਂਦੀ ਰੰਗਾਂ ਦੀ ਮੌਲਿਕਤਾ
ਫ਼ਾਨੂਸਾਂ ਦੇ ਚਾਨਣ ਵਿੱਚ
ਬਹੁਤ ਦੂਰ ਨਿਕਲ ਜਾਂਦੇ ਹਾਂ
ਆਪਣੇ ਆਪ ਕੋਲੋਂ
ਹੱਟੀਆਂ ਤੋਂ
ਸੁੱਖਾਂ ਦੀ ਪਰਿਭਾਸ਼ਾ ਖਰੀਦਦੇ
ਖ਼ੁਦ ਨੂੰ ਵੇਚ ਆਉਂਦੇ ਹਾਂ
ਦਿਸ਼ਾਹੀਣ ਭਟਕਦੇ
ਭੰਗ ਕਰ ਬਹਿੰਦੇ ਕੁਦਰਤ ਦਾ ਤਾਲ
ਲੜਖੜਾਉਂਦੇ ਸਾਹਾਂ ਨਾਲ
ਝਗੜਦੇ ਰਹਿੰਦੇ ਹਾਂ ਉਮਰ ਭਰ
ਫੇਰ ਵੀ ਸਖੀ!
ਕੰਵਲ-ਪੱਤੀਆਂ ਨਹੀਂ ਭਿੱਜਦੀਆਂ ਮੈਲ਼ੇ ਪਾਣੀਆਂ 'ਚ
ਗੰਧਲੀ ਫਿਜ਼ਾ 'ਚ
ਆਪਣੀ ਮੌਲਿਕ ਮਹਿਕ ਕਿਉਂ ਵਿਸਾਰੀਏ...

# ਜਦ ਤੋਂ ਪਿੰਡ ਮੇਰਾ ਸ਼ਹਿਰ ਹੋ ਗਿਆ

- ਨਵਦੀਪ ਸਿੰਘ ਬਦੇਸ਼ਾ*

ਦਰਿਆ ਦਿਲ ਤੋਂ ਨਹਿਰ ਹੋ ਗਿਆ
ਜਦ ਤੋਂ ਪਿੰਡ ਮੇਰਾ ਸ਼ਹਿਰ ਹੋ ਗਿਆ

ਦਿਨ ਹੁੰਦਾ ਚਾਹੇ ਰਾਤ ਹੁੰਦੀ ਸੀ
ਨਾ ਦਿਲ ਵਿੱਚ ਡਰ ਦੀ ਬਾਤ ਹੁੰਦੀ ਸੀ
ਹੁਣ ਖ਼ਤਰਾ ਚੱਤੋ ਪਹਿਰ ਹੋ ਗਿਆ
ਜਦ ਤੋਂ ਪਿੰਡ ਮੇਰਾ ਸ਼ਹਿਰ ਹੋ ਗਿਆ...

ਹੁਣ ਕੋਠੇ ਢਾਅ ਕੇ ਕੋਠੀਆਂ ਪਾਈਆਂ
ਅੱਡ-ਅੱਡ ਹੋ ਗਈਆਂ ਚਾਚੀਆਂ-ਤਾਈਆਂ
ਤੇ ਭਾਈ-ਭਾਈ ਵਿੱਚ ਵੈਰ ਹੋ ਗਿਆ
ਜਦ ਤੋਂ ਪਿੰਡ ਮੇਰਾ ਸ਼ਹਿਰ...

ਹੁਣ ਖਿਲਰ ਗਏ ਸਭ ਭਾਈਚਾਰੇ
ਹੁਣ ਕੋਈ ਨਾ ਕਿਸੇ ਦੀ ਖੁਸ਼ੀ ਸਹਾਰੇ
ਇੰਝ ਲੱਗੇ ਹਰ ਕੋਈ ਗ਼ੈਰ ਹੋ ਗਿਆ
ਜਦ ਤੋਂ ਪਿੰਡ ਮੇਰਾ ਸ਼ਹਿਰ...

ਜਦ ਕਿਧਰੇ ਕੋਈ ਵਿਆਹ ਹੁੰਦਾ ਸੀ
ਤਾਂ ਸਾਰੇ ਪਿੰਡ ਵਿੱਚ ਚਾਅ ਹੁੰਦਾ ਸੀ
ਪਰ ਹੁਣ ਸਭ ਕੁਝ ਖੜੇ ਪੈਰ ਹੋ ਗਿਆ
ਜਦ ਤੋਂ ਪਿੰਡ ਮੇਰਾ ਸ਼ਹਿਰ...

ਭੀੜੀਆਂ ਗਲੀਆਂ ਵਾਂਗ ਜਿਓਂ ਸੰਗਲੀ
ਰੁੱਖਾਂ ਬਾਝੋਂ ਹਵਾ ਹੋਈ ਗੰਧਲੀ
ਤੇ ਮਿੱਠਾ ਪਾਣੀ ਜ਼ਹਿਰ ਹੋ ਗਿਆ
ਜਦ ਤੋਂ ਪਿੰਡ ਮੇਰਾ ਸ਼ਹਿਰ...

ਇਹ ਕੈਸਾ ਵਿਕਾਸ ਹੋ ਰਿਹਾ
ਜੋ ਆਪਣੇ-ਪਨ ਦਾ ਨਾਸ ਹੋ ਰਿਹਾ
ਕਹੇ 'ਬਦੇਸ਼ਾ' ਕਹਿਰ ਹੋ ਗਿਆ
ਜਦ ਤੋਂ ਪਿੰਡ ਮੇਰਾ ਸ਼ਹਿਰ...

ਦਰਿਆ ਦਿਲ ਤੋਂ ਨਹਿਰ ਹੋ ਗਿਆ
ਜਦ ਤੋਂ ਪਿੰਡ ਮੇਰਾ ਸ਼ਹਿਰ ਹੋ ਗਿਆ

* ਸਕੱਤਰ ਪੰਜਾਬੀ ਸਾਹਿਤ ਸਭਾ
ਬਾਬਾ ਬਕਾਲਾ (ਅੰਮ੍ਰਿਤਸਰ)
98151-18124

# ਕੱਚੀ ਆਬਾਦੀ ਵਿੱਚ ਪੱਕੀਆਂ ਜਾਇਦਾਦਾਂ

-ਨਜਮ ਹੁਸੈਨ ਸੱਯਦ*

ਜਦੋਂ ਦਾ ਅੜੀਏ ਉੱਜੜ ਕੇ ਆਏ ਸਾਂ
ਲੈਨੋਂ ਪਾਰ ਅਸਾਂ ਨੌਂਹ ਨਹੀਂ ਫਸਾਏ
ਸ਼ਹਿਰੋਂ ਬਾਹਰ ਕਿਵੇਂ ਚੂਹੜ ਪੰਡੇਰੇ
ਸਾਡੇ ਮੁਫਤ ਪੁਰੇ ਨੂੰ ਭਾਗ ਤੇ ਲਾਏ ਨੇ
ਬਾਹਰ ਗਿਆਂ ਦੀਆਂ ਸੁੱਚੀਆਂ ਕਮਾਈਆਂ
ਟੀ.ਵੀ. ਰੰਗਲਾ, ਫਲੱਸ਼ ਸਿਸਟਮ ਵਿੱਚ,
ਸਾਡੇ ਅੰਦਰ ਦਾ ਗੰਦ ਸਭ ਸੈਂਸਰ
ਗਲੀ ਦਾ ਗੰਦ ਹੋਇਆ ਬਾਹਰ ਦੀਆਂ ਖਬਰਾਂ
ਬਾਹਰ ਦੀਆਂ ਖਬਰਾਂ ਵਾਈਆਂ।
ਸਾਡੇ ਬਾਲ ਵੀ ਪੜ੍ਹਨੇ ਪਏ ਨੇ
ਸਾਰਾ ਸਾਰਾ ਦਿਨ ਸਨ ਗਲੀਆਂ 'ਚ ਰੁਲਦੇ
ਅਰਬੀ ਬਾਤਸ਼ਾਹਾਵਾਂ ਦੀਆਂ ਪੜ੍ਹਨ ਤਰੀਖਾਂ ਰਟਦੇ ਨੇ।

–o–

## ਲਾਹੌਰ ਸ਼ਹਿਰ ਤੇ ਹਾੜ ਦਾ ਹਮਲਾ

ਦੋਂਹ ਸਾਲਾਂ ਵਿੱਚ ਮਾਲ ਰੋਡ 'ਤੇ
ਪਿੱਪਲ ਖਲੋਤੇ ਆਂਹਦੇ ਨੇ
"ਛਾਂ ਦੇ ਭੁਲਾਵੇਂ ਸਾਡੇ ਹੇਠ ਨਾ ਆਣ ਖਲੋਇਓ
ਜਿਹੜੀ ਛਾਂ ਵਿਹੰਦੇ ਓ
ਛਾਂ ਕੋਈ ਨਹੀਂ।
ਹਾੜ ਦਾ ਇਹ ਪਰਛਾਵਾਂ ਜੇ
ਜਿਹੜਾ ਇਹਦੇ ਅੰਦਰ ਖਲੋਤਾ
ਓਹਨੂੰ ਮੌਤ ਦੀ ਘੂਕੀ ਚੜ੍ਹ ਜਾਸੀ।"
ਚਲੋ ਸ਼ਹਿਰ ਪੁਰਾਣੇ ਵੜ ਚੱਲੀਏ
ਸੁੱਤੀਆਂ ਸਰਦਲਾਂ ਹੇਠ ਪਈ ਵਹਿਣੀ ਵਗਦੀ ਏ,
ਹਾੜ ਦੇ ਤਾਅ ਨੂੰ
ਮੁਸ਼ਕ ਆਪਣੇ ਵਿੱਚ ਲਾ ਲਬੇੜ
ਅਧ ਮੋਇਆ ਜੇਹਾ ਕਰ ਕੱਢਦੀ ਏ।

# ਲਾਹੌਰ ਸ਼ਹਿਰ ਦਾ ਇਕ ਪੁਰਾਣਾ ਹੱਟੀ ਵਾਲਾ

ਗੋਡੇ ਜੁੜ ਗਏ ਬੱਧੇ ਗਾਹਕ ਉਡੀਕਦਿਆਂ
ਅਸਾਂ ਜਿਹੜਾ ਸੌਦਾ ਲਾਇਆ ਸਸਤਾ ਹੋ ਗਿਆ
ਬਾਹਰ ਅੱਖਾਂ ਤੱਕੜੀ ਹੋਈਆਂ
ਘੜੀਆਂ ਤੌਲੀਏ
ਵਿਚ ਗੇੜ ਦਲੀਲਾਂ ਗੁੰਮੇ
ਮਿੱਠੜਾ ਬੋਲੀਏ
ਬਾਹਰ ਫੁੱਟ ਫੁੱਟ ਜਿਵੇਂ ਦੀ ਬੋਲੀ
ਸਰੀਏ ਸਰਮਟਾਂ
ਵਿੱਚ ਨਾਨਕ ਸ਼ਾਹੀ ਇੱਟਾਂ
ਖੂਹ ਡਰਾਉਣੇ
ਬੁਲਡੋਜ਼ਰ ਕੰਧਾਂ ਪਿੱਲੀਆਂ ਝੂਠੇ ਹੱਥ ਪੈਰ।
ਸਿਲ੍ਹ ਗੋਹ ਪੁਰਾਣੀ ਮੋਰੀ ਮੋਰੀ ਸਰਕਦੀ।
ਬਾਹਰ ਝਟ ਝਟ ਸਾਇਰਨ ਕੂਕੇ
ਕਿਧਰੇ ਉਹਲਾ ਨਾ।
ਵਿੱਚ ਰੱਜ ਸਿਆਤੀਆਂ ਸ਼ਕਲਾਂ ਕੁਝ ਕੁਝ ਓਪਰੀਆਂ
ਭਲਾ ਇਸ਼ਤਿਹਾਰ ਨੂੰ ਦਿਲ ਦਾ ਮਹਿਰਮ ਆਖੀਏ
ਇਹਦੀ ਬਲ ਬੁੱਝ ਖ਼ਬਰੇ ਝੱਸੇ ਤਲੀਆਂ ਆਸ ਦੀਆਂ

* ਲਾਹੌਰ

# ਪ੍ਰਵਾਸੀ ਮਜ਼ਦੂਰ

-ਨਿਰਮਲ ਦੱਤ*

ਮਾਂ ਦੇ ਪੈਰਾਂ ਨੂੰ ਹੱਥ ਲਾ ਕੇ
ਮਨ ਵਿੱਚ ਭੁੱਖ ਦੀ ਪੀੜ ਦਬਾ ਕੇ
ਦਿਲ ਵਿੱਚ ਕੋਈ ਪਿਆਰ ਵਸਾ ਕੇ
ਛੱਡ ਆਇਆ ਹਾਂ ਪਿੰਡ ਦੀਆਂ ਗਲੀਆਂ,
ਮੈਂ ਹੁਣ ਜਿੱਥੇ ਹਾਂ ਉਸ ਥਾਂ 'ਤੇ
ਘਰ ਦੀ ਥਾਂ ਤੇ ਮਿਲਣ ਖੋਲ਼ੀਆਂ
ਗੀਤਾਂ ਦੀ ਥਾਂ ਵਰ੍ਹਣ ਗੋਲੀਆਂ,
ਇਸ ਥਾਂ ਉੱਤੇ
ਸੂਰਜ ਸਾਰੇ ਠਰੇ-ਠਰੇ ਨੇ
ਚੰਨ ਤੇ ਤਾਰੇ ਮਰੇ-ਮਰੇ ਨੇ
ਬਾਗ਼-ਬਗੀਚੇ ਡਰੇ-ਡਰੇ ਨੇ
ਆਰਤੀਆਂ ਦੇ ਸ਼ਬਦ ਪਿਆਸੇ
ਆਜ਼ਾਨਾ ਦੇ ਬੋਲ ਉਦਾਸੇ
ਪੈਗੰਬਰ ਦੀ ਆਸ ਨਹੀਂ ਹੈ
ਸ਼ਾਮ ਢਲੇ ਰਹਿਰਾਸ ਨਹੀਂ ਹੈ
ਮੰਡੀਆਂ ਵਿੱਚ ਵਿਕਦਾ ਹਾਂ
ਜਿੱਥੇ ਉੱਗਣ ਲੋੜਾਂ
ਮਿੱਲਾਂ ਵਿੱਚ ਰੁਲ਼ਦਾ ਹਾਂ
ਜਿੱਥੇ ਲਾਲਚ, ਥੋੜ੍ਹਾਂ
ਕਦੇ ਕਦੇ
ਹੁਣ ਖ਼੍ਵਾਬਾਂ ਵਿੱਚ ਜਦ ਮਾਂ ਆਉਂਦੀ ਹੈ
ਪੁੱਛਦਾ ਹਾਂ
ਦੱਸ ਭੋਲੀਏ ਮਾਏਂ
ਜਾਵਾਂ ਤਾਂ ਹੁਣ ਕਿੱਥੇ ਜਾਵਾਂ
ਤਨ ਦੀ ਭੁੱਖ ਤੋਂ
ਮਨ ਦੀ ਤੇਹ ਤੋਂ
ਦਿਲ ਦਾ ਸੁਪਨਾ ਕਿਵੇਂ ਬਚਾਵਾਂ?

* 3060/47-ਡੀ, ਚੰਡੀਗੜ੍ਹ (ਫੋਨ : 9876013060)

# ਆਪ-ਹੁਦਰਾ ਸ਼ਹਿਰੀ ਕਰਨ

-ਨਿਰਮਲ ਸਤਪਾਲ*

ਕਿਤੇ ਬਹੁ-ਮੰਜ਼ਿਲਾ ਇਮਾਰਤਾਂ
ਕਿਤੇ ਝੁੱਗੀਆਂ-ਝੌਂਪੜੀਆਂ ਦੀਆਂ ਕਤਾਰਾਂ
ਰੁੱਖਾਂ ਦੀ ਥਾਂ
ਲੰਮੀਆਂ ਲੰਮੀਆਂ ਇੱਟਾਂ ਦੀਆਂ ਦੀਵਾਰਾਂ
ਭੁਰਦੇ ਹੋਏ ਸੜਕਾਂ ਦੇ ਕਿਨਾਰੇ
ਉਹ ਰੁੱਖ ਜੋ ਸਫ਼ਰ ਕਰਦਿਆਂ
ਲੱਗਦੇ ਸੀ ਪਿੱਛੇ ਵੱਲ ਭੱਜਦੇ
ਨਜ਼ਰੀਂ ਨਹੀਂ ਪੈਂਦੇ।
ਭਾਲਿਆਂ ਨਹੀਂ ਲੱਭਦਾ ਆਪਣਾ ਪਿੰਡ
ਨਿੱਕੇ-ਨਿੱਕੇ ਮਿੱਟੀ ਨਾਲ ਲਿੱਪੇ ਘਰ
ਘਰਾਂ ਦੀਆਂ ਕੰਧਾਂ ਤੇ ਪਏ ਬੇਲ-ਬੂਟੇ
ਨਹੀਂ ਲੱਭਦੀਆਂ ਪਿੱਪਲਾਂ ਦੀਆਂ ਛਾਵਾਂ
ਤੀਆਂ ਦੇ ਮੇਲੇ
ਸਾਂਝੇ ਟੱਬਰ, ਸਾਂਝੀਆਂ ਗੱਲਾਂ
ਮੇਰ ਨਾ ਤੇਰ
ਦਿਲਾਂ ਦੀਆਂ ਸਾਝਾਂ
ਖੋਹ ਲਈਆਂ ਨੇ
ਆਪ-ਹੁਦਰੇ ਸ਼ਹਿਰੀ ਕਰਨ ਨੇ
ਗੰਨਿਆਂ ਤੇ ਛੱਲੀਆਂ ਦੀ ਮਿਠਾਸ
ਠੰਡੀਆਂ ਕੂਲ੍ਹਾਂ ਦਾ ਪਾਣੀ
ਖੂਹ ਦੀਆਂ ਟਿੰਡਾਂ
ਰਹਟਾਂ ਦੀ ਆਵਾਜ਼
ਬਣ ਗਈਆਂ ਨੇ ਬੀਤੇ ਦੀਆਂ ਗੱਲਾਂ
ਮਾਮੇ-ਮਾਸੀਆਂ, ਚਾਚੇ-ਤਾਏ ਤੇ ਭੂਆ
ਬਣ ਗਏ ਨੇ ਆਂਟੀ-ਅੰਕਲ
ਰਿਸ਼ਤਿਆਂ ਦੀ ਮਿਠਾਸ

ਜ਼ਹਿਰੀ ਹੋ ਗਈ
ਆਪ ਹੁਦਰੇ ਸ਼ਹਿਰੀਕਰਨ ਵਿੱਚ
ਸਾਡਾ ਅਮੀਰ ਸੱਭਿਆਚਾਰ
ਗੁਆਚ ਗਿਆ
ਪੱਛਮੀ ਸੋਚ ਵਿੱਚ
ਹੁਣ ਸਾਂਝੇ ਵਿਹੜੇ ਨਹੀਂ
ਨਜ਼ਰੀਂ ਪੈਂਦੇ ਨੇ
ਲੋਹੇ ਦੇ ਵੱਡੇ-ਵੱਡੇ ਗੇਟ
ਹੁਣ ਘਰਾਂ ਵਿੱਚ
ਇਨਸਾਨ ਨਹੀਂ ਵਸਦੇ
ਨੂੜੇ ਹੋਏ ਨੇ ਲੋਕ
ਸ਼ੀਸ਼ਿਆਂ ਦੇ ਮਕਾਨਾਂ ਵਿੱਚ
ਜਾਨਵਰਾਂ ਵਾਂਗ
ਖੁਸ਼ੀਆਂ ਤੇ ਗਮੀਆਂ ਵੀ
ਸਿਮਟ ਗਈਆਂ ਨੇ ਦਿਲਾਂ ਅੰਦਰ
ਹੁਣ ਘੋੜੀਆਂ ਗੀਤ ਤੇ ਕੀਰਨੇ
ਦਫ਼ਨ ਹੋ ਗਏ ਨੇ ਘਰਾਂ ਅੰਦਰ
ਹੁਣ ਇਨਸਾਨ ਬੁੱਤ ਬਣ ਗਿਐ
ਆਪ-ਹੁਦਰੇ ਸ਼ਹਿਰੀ ਕਰਨ,
ਦੀ ਆੜ ਵਿੱਚ ਨਿਰਮਲ।

* 17-ਏ, ਨਿਊ ਆਸ਼ਾਪੁਰੀ ਲੁਧਿਆਣਾ।
ਫੋਨ : 98554-44995

# ਹੋਰ ਦਾ ਨੀ ਹੋਰ

-ਪਰਮਿੰਦਰ ਕੌਰ 'ਨਾਗੀ'*

ਮੇਰਾ ਪਿੰਡ ਹੁਣ ਹੋਰ ਦਾ ਨੀ ਹੋਰ ਹੋ ਗਿਆ।
ਇਹ ਵੀ ਸ਼ਹਿਰੀ ਰੰਗ ਵਿੱਚ ਨੀ ਰੰਗੋਲ ਹੋ ਗਿਆ।
ਬਲਦਾਂ ਦੀ ਥਾਂ ਟਰੈਕਟਰ ਚੱਲਦੇ,
ਸਾਈਕਲ ਦੀ ਥਾਂ ਗੱਡੀਆਂ ਨੇ।
ਦਿੱਸਣ ਨਾ ਟੋਭੇ-ਛੱਪੜ, ਨਾ ਹੀ ਬੂਰੀਆਂ ਮੱਝੀਆਂ ਨੇ।
ਫੜ ਪੂਛਾਂ ਨਾ ਮਾਰੇ ਹੁਣ ਕੋਈ ਚੁੱਭੀਆਂ ਨੇ।
ਨਾ ਕੋਈ ਗੁੱਲੀ-ਡੰਡਾ ਖੇਡੇ,
ਨਾ ਹੀ ਬਾਰਾਂ, ਟਾਹਣੀਆਂ ਨੇ।
ਖੂਹਾਂ ਦੀ ਥਾਂ ਮੋਟਰਾਂ ਚੱਲਦੀਆਂ,
ਭੱਠੀਆਂ ਵੀ ਨਾ ਕਿਤੇ ਦਿੱਸਦੀਆਂ।
ਮੇਰਾ ਪਿੰਡ ਹੁਣ ਹੋਰ ਦਾ ਨੀ ਹੋਰ ਹੋ ਗਿਆ।
ਇਹ ਵੀ ਸ਼ਹਿਰੀ ਰੰਗ ਵਿੱਚ ਨੀ ਰੰਗੋਲ ਹੋ ਗਿਆ।
ਜੱਟ ਵੇਚ ਜ਼ਮੀਨਾਂ ਹੁਣ,
ਕਾਲੋਨੀਆਂ ਕਟਾਉਣ ਦਾ ਸ਼ੌਕੀਨ ਹੋ ਗਿਆ।
ਭੁੱਲ ਪੰਜਾਬੀ ਸੱਭਿਆਚਾਰ ਨੂੰ,
ਬੱਸ ਪੱਛਮ 'ਤੇ ਹੀ ਡੁੱਲ੍ਹ ਗਿਆ।
ਕੁੜੀਆਂ 'ਚ ਫੈਸ਼ਨ ਜੀਨਾਂ ਦਾ,
ਬਾਣਾ ਪਿੰਡਾਂ ਵਾਲਾ ਭੁੱਲ ਗਿਆ।
ਵਾਲ ਕਟਾ ਕੇ, ਜੈੱਲਾਂ ਲਾ ਕੇ,
ਮੁੰਡੇ ਲੰਡੀਆਂ ਜੀਪਾਂ ਤੇ ਘੁੰਮਦੇ ਨੇ।
ਹੱਥ ਜੋੜਨ ਦੀ ਥਾਂ ਹਾਏ-ਹੈਲੋ ਹੀ ਕਹਿੰਦੇ ਨੇ।
ਕਰਦੇ ਚੈਟਿੰਗ ਕੰਪਿਊਟਰਾਂ 'ਤੇ
ਨਾਲੇ ਫੋਨਾਂ 'ਤੇ ਐੱਸ.ਐਮ.ਐੱਸ. ਨੇ।
ਪੋਸਟ ਆਫਿਸਾਂ ਨੂੰ ਲੱਗੇ ਤਾਲੇ
ਜਦੋਂ ਦੇ ਮੋਬਾਇਲ ਫੋਨ ਚੱਲ ਪਏ ਨੇ।
ਮੇਰਾ ਪਿੰਡ ਹੁਣ ਹੋਰ ਦਾ ਨੀ ਹੋਰ ਹੋ ਗਿਆ।
ਇਹ ਵੀ ਸ਼ਹਿਰੀ ਰੰਗ ਵਿੱਚ ਨੀ ਰੰਗੋਲ ਹੋ ਗਿਆ।

ਕੋਈ ਨਾ ਸੱਥਾਂ 'ਚ ਰਲ-ਮਿਲ ਬਹਿੰਦਾ,
ਘਰਾਂ 'ਚ ਵੜ ਟੀ.ਵੀ. ਦੇਖਦਾ ਰਹਿੰਦਾ।
ਦੁੱਧ-ਘਿਓ ਤੋਂ ਨੱਕ-ਬੁੱਲ੍ਹ ਵੱਟਦੇ
ਪੀ ਸ਼ਰਾਬਾਂ ਲੜਦੇ ਮਰਦੇ।
ਆਪਣੇ ਆਪ ਨੂੰ ਬੈਸਟ ਸਿਟੀਜ਼ਨ ਕਹਾਉਂਦੇ ਨੇ।
ਹੱਥੀਂ ਕਮ ਨਾ ਸੁਆਣੀਆਂ ਕਰਦੀਆਂ,
ਨੌਕਰਾਂ ਤੋਂ ਹੀ ਕੰਮ ਲੈਂਦੀਆਂ ਨੇ।
ਸਾਗ-ਮੱਕੀ ਦੀ ਰੋਟੀ ਭੁੱਲ ਕੇ,
ਹੁਣ ਪੀਜ਼ਿਆਂ-ਬਰਗਰਾਂ ਤੇ ਡੁੱਲ੍ਹ ਗਿਆ।
ਇੰਝ ਸ਼ਹਿਰੀ ਰੰਗ ਵਿੱਚ ਨੀ ਰੰਗੋਲ ਹੋ ਗਿਆ।
ਮੇਰਾ ਪਿੰਡ ਹੁਣ ਹੋਰ ਦਾ ਨੀ ਹੋਰ ਹੋ ਗਿਆ।

* 110, ਨਿਊ ਦਸਮੇਸ਼ ਨਗਰ,
ਜਲੰਧਰ।

# 2050 ਵਿੱਚ ਮਿਰਜ਼ਾ ਸਾਹਿਬਾਂ ਦੀ ਧਰਤੀ ਯਾਤਰਾ

-ਪਰਮਜੀਤ ਸੰਧੂ

ਸਾਹਿਬਾਂ ਆਖਦੀ ਮਿਰਜ਼ਿਆ ਰੋਕ ਬੱਕੀ,
ਆਪਣਾ ਆਪ ਤਾਂ ਕੁਝ ਸਵਾਰ ਲਈਏ।
ਮੂੰਹ 'ਤੇ ਜੰਮ ਗਈ ਹੈ ਮੇਰੇ ਧੂੜ ਮੋਟੀ,
ਠੰਡੇ ਪਾਣੀ ਦੇ ਛਿੱਟੇ ਦੋ ਮਾਰ ਲਈਏ।
ਬੇਜ਼ੁਬਾਨ 'ਤੇ ਵੀ ਕਰ ਤੂੰ ਤਰਸ ਭੋਰਾ,
ਹਰਾ ਘਾਹ ਹੀ ਬੱਕੀ ਨੂੰ ਚਾਰ ਲਈਏ।
ਕਿਤੇ ਲੱਭ ਲੈ ਤੂੰ ਜੰਡ ਦੀ ਛਾਂ ਸੋਹਣੀ,
ਘੜੀਆਂ ਇੱਕ ਦੋ ਕਰ ਪਿਆਰ ਲਈਏ।
ਮੂੰਹ ਸਿਰ ਢਕ ਲੈ, ਸੋਕਾ ਪਿਆ ਇੱਥੇ,
ਹਵਾ ਦੂਸ਼ਤ ਤੇ ਪਾਣੀ ਖਰਾਬ ਸਾਹਿਬਾਂ।
ਕਰਦੂੰ ਪੂਰੀਆਂ ਮੈਂ ਤੇਰੀਆਂ ਸਭ ਰੀਝਾਂ,
ਟੱਪ ਜਾਣ ਦੇ ਪਹਿਲਾਂ ਪੰਜਾਬ ਸਾਹਿਬਾਂ॥

–o–

# ਰਿਸ਼ਤਿਆਂ ਵਿੱਚ ਪਰਦੂਸ਼ਣ

ਜਹਾਜ਼ੋਂ ਉੱਤਰ ਕਨੇਡੂ ਨੇ ਬੜ੍ਹਕ ਮਾਰੀ,
ਦਿੱਤਾ ਤਾਰ ਮੈਂ ਸਾਰਾ ਪ੍ਰੀਵਾਰ ਮੀਆਂ।
ਭਰਾ ਭਰਜਾਈ ਤਾਂ ਮੇਰੇ 'ਤੇ ਜਾਨ ਦਿੰਦੇ,
ਲੈ ਕੇ ਆਉਣਗੇ ਔਡੀ ਕਾਰ ਮੀਆਂ।
ਟੈਕਸੀ ਲੈ ਕੇ ਸੀ ਰਾਤ ਨੂੰ ਘਰ ਪੁੱਜਾ,
ਬੁਝੀਆਂ ਬੱਤੀਆਂ, ਬੰਦ ਸੀ ਬਾਰ ਮੀਆਂ।
ਜਾਂ ਕੰਧ ਟੱਪ ਕੇ ਅੰਦਰ ਉਹ ਵੜ ਬੈਠਾ,
ਤਾਹੀਓਂ ਖੜਕ ਗਈ ਠਾਣੇ ਤਾਰ ਮੀਆਂ।
ਇਰਾਦਾ ਕਤਲ ਤੇ ਡਾਕੇ ਦਾ ਕੇਸ ਪਾਕੇ,
ਦਿੱਤਾ ਭਰਾ ਨੇ ਸੀ ਜੇਲ੍ਹ ਸੁਟਵਾ ਮੀਆਂ।
ਜਾਇਦਾਦ ਭਤੀਜਿਆਂ, ਡਾਲਰ ਪੁਲਸ ਸਾਂਭੇ,
ਕਨੇਡੂ ਮੁੜਿਆ ਸੀ ਝੁੱਗਾ ਲੁਟਵਾ ਮੀਆਂ॥

* ਟੋਰੰਟੋ, ਕੈਨੇਡਾ।

# ਗੀਤ

-ਪ੍ਰੀਤ ਸੰਦਲ ''ਮਕਸੂਦੜਾ''*

ਸ਼ਹਿਰ ਤੋਂ ਘੱਟ ਗਈ ਹੈ, ਦੂਰੀ ਮੇਰੇ ਪਿੰਡ ਦੀ।
ਬਣ ਗਿਆ ਸ਼ਹਿਰ, ਮਜ਼ਬੂਰੀ ਮੇਰੇ ਪਿੰਡ ਦੀ।
ਬਣ ਗਿਆ ਸ਼ਹਿਰ....।

ਪਹਿਲੇ ਪਹਿਲ ਗੇੜਾ ਜਿੱਥੇ ਕਦੇ ਕਦੇ ਵੱਜਦਾ।
ਹੁਣ ਤਾਂ ਕਚਹਿਰੀਆਂ 'ਚ ਨਿੱਤ ਮੇਲਾ ਲੱਗਦਾ।
ਥਾਣਾ ਵੀ ਥਾਂ ਬਣਿਆ ਜ਼ਰੂਰੀ ਮੇਰੇ ਪਿੰਡ ਦੀ।
ਬਣ ਗਿਆ ਸ਼ਹਿਰ....।

ਕੰਮੀਆਂ ਤੋਂ ਵੱਧ ਔਖੇ ਹੋਗੇ ਜ਼ਿੰਮੀਦਾਰ ਨੇ।
ਘੱਟਗੀ ਜ਼ਮੀਨ ਵਧੀ ਜਾਂਦੇ ਪਰਿਵਾਰ ਨੇ।
ਕਰੇ ਸ਼ਹਿਰ 'ਚ ਕਿਸਾਨੀ, ਮਜ਼ਦੂਰੀ ਮੇਰੇ ਪਿੰਡ ਦੀ।
ਬਣ ਗਿਆ ਸ਼ਹਿਰ....।

ਅਣਖਾਂ ਤੇ ਸਾਂਝ ਤੋੜੀ ਨਸ਼ੇ ਦੀਆਂ ਲਹਿਰਾਂ ਨੇ।
ਕੁਝ ਮਜ਼ਬੂਰ ਕੀਤੇ, ਪੀੜ੍ਹੀਆਂ ਦੇ ਵੈਰਾਂ ਨੇ।
ਦਰਦ ਕਹਾਣੀ ਇਹ ਹੈ ਦੂਹਰੀ ਮੇਰੇ ਪਿੰਡ ਦੀ।
ਬਣ ਗਿਆ ਸ਼ਹਿਰ....।

ਫਾਹਾ ਲਿਆ ਜਿਹੜਿਆਂ ਨੇ ਅੱਡੀਆਂ ਨੂੰ ਚੱਕ ਕੇ।
ਮੱਛੀ ਵਾਂਗੂੰ ਮੁੜੇ ਜਦੋਂ ਪੱਤਣਾਂ ਨੂੰ ਚੱਖ ਕੇ।
ਚੇਤੇ ਆਊ 'ਪ੍ਰੀਤ' ਖਾਧੀ ਚੂਰੀ ਮੇਰੇ ਪਿੰਡ ਦੀ।
ਬਣ ਗਿਆ ਸ਼ਹਿਰ....।

*ਤਹਿਸੀਲ : ਪਾਇਲ
ਲੁਧਿਆਣਾ-141416
ਫੋਨ : 99147-73037, 01628-644037

# ਇਕ ਅੱਧ ਹਰਿਆ ਬੂਟ

-ਪ੍ਰੋ. ਕੁਲਵੰਤ ਔਜਲਾ*

ਕੁਝ ਖੰਡਰ ਹੋਈਆਂ ਨਿਸ਼ਾਨੀਆਂ, ਕੁਝ ਰੁੱਖ ਹਨ ਬਿਰਧ ਸਰੀਰ
ਸਾਡੇ ਲੂੰ ਲੂੰ ਵਿੱਚੋਂ ਮੁੱਕ ਗਿਆ, ਨਾਨਕ ਸ਼ਾਇਰ ਫ਼ਕੀਰ
ਰੁੱਖ ਰਿਸ਼ੀਆਂ ਦੀ ਦੋਸਤੀ ਤੇ ਮਿੱਟੀਆਂ ਦਾ ਇਤਿਹਾਸ
ਅੱਜ ਬੂੰਦ ਬੂੰਦ ਨੂੰ ਤਰਸਦੇ ਸਤਲੁਜ ਅਤੇ ਬਿਆਸ
ਪੱਥਰ ਹੋਈਆਂ ਇਮਾਰਤਾਂ ਘਰ ਬੋਲਣ ਅਜੇ ਵੀ ਥੇਹ
ਹੁਣ ਨਾ ਕਿਸੇ ਨੂੰ ਲਗਦੀ ਸੱਚੇ ਸੌਦੇ ਦੀ ਤੇਹ
ਜ਼ਹਿਰਾਂ ਬੀਜਣ ਲੱਗ ਪਿਆ ਅੰਨਦਾਤਾ ਕਿਰਸਾਨ
ਰਸਮ ਜੇਹੀ ਬਸ ਰਹਿ ਗਿਆ 'ਸ੍ਰੀ ਗੁਰੂ ਗ੍ਰੰਥ' ਮਹਾਨ
ਬਾਬਾ ਤੇਰੇ ਘਰਾਂ ਵਿਚ ਮਲਕ ਭਾਗੋ ਪ੍ਰਧਾਨ
ਭਾਈ ਲਾਲੋ ਦੀ ਅਜੇ ਵੀ ਪਿੰਡ ਤੋਂ ਬਾਹਰ ਦੁਕਾਨ
ਰੂਹਾਂ ਵਿੱਚੋਂ ਸੁੱਕ ਗਈ ਬਾਬਾ ਤੇਰੀ ਰਬਾਬ
ਮੋਹ-ਅੱਖੀਆਂ ਨੂੰ ਤਾਂਘਦੀ ਖਿਦਰਾਣੇ ਦੀ ਢਾਬ
ਪੱਕੇ ਪੈਂਡਿਆਂ ਜੀਰ ਲਈ ਕੱਚਿਆਂ ਦੀ ਖੁਸ਼ਬੋਅ
ਅੱਖਰਾਂ ਵਿੱਚੋਂ ਮੁਕ ਗਈ ਦੀਵਿਆਂ ਵਾਲੀ ਲੋਅ
ਟਾਪੂ ਹੋ ਗਏ ਘਰਾਂ ਵਿੱਚ ਪੈਸਾ ਹੀ ਧਰਵਾਸ
ਪੌਂਡਾਂ ਦੇ ਲਈ ਕਰ ਗਿਆ ਅੱਧਾ ਪਿੰਡ ਪਰਵਾਸ
ਜੜ੍ਹਹੀਣ ਜੇਹੇ ਆਦਮੀ ਤੇ ਤ੍ਰੇਲ ਬੂੰਦ ਇਨਸਾਨ
ਉਮਰਾਂ ਤੋਂ ਵੀ ਪੱਕੇ ਪੀਡੇ ਪਰ ਪਾਈ ਫਿਰਨ ਮਕਾਨ
ਖ਼ੁਦਕਸ਼ੀਆਂ ਦੇ ਦੌਰ ਵਿੱਚ ਮੁੱਕਦੀ ਜਾਂਦੀ ਆਸ
ਅੰਨ੍ਹਾ ਹਾਕਮ ਖੇਡਦਾ, ਨਾਲ ਵਜ਼ੀਰਾਂ ਤਾਸ਼
ਕੁਰਸੀਆਂ ਫਾਈਲਾਂ ਖਾ ਲਿਆ ਟੁੱਕ ਟੁੱਕ ਹਿੰਦੁਸਤਾਨ
ਦਿਲ ਨਾਲ ਕੋਈ ਨਹੀਂ ਬੋਲਦਾ ਭਾਰਤ ਦੇਸ਼ ਮਹਾਨ
ਆਪਣਾ ਆਪ ਬਚਾਉਂਦਿਆਂ ਹੋ ਗਈ ਨਸਲ ਤਬਾਹ
ਲੱਭਦਾ ਨਹੀਂ ਕੁਲਵੰਤ ਨੂੰ ਬੇਗਮਪੁਰੇ ਦਾ ਰਾਹ
ਕਿਤੇ ਕਿਤੇ ਹੈ ਅਜੇ ਵੀ ਇਕ ਅੱਧ ਹਰਿਆ ਬੂਟ
ਵਿਰਲਾ ਕੋਈ ਕੋਈ ਢੂੰਡਦਾ ਅਜੇ ਵੀ ਚੌਥੀ ਕੂਟ

* ਕਪੂਰਥਲਾ

# ਸ਼ਹਿਰੀਕਰਨ (ਗੀਤ)

-ਪੂਰਨ ਸਿੰਘ ਕਿਰਤੀ*

ਉਜਾੜ ਦਿੱਤੇ ਖੇਤ ਕਿਤੇ ਖੇਤੀਆਂ ਨਾ ਰਹੀਆਂ।
ਉੱਚੀਆਂ ਇਮਾਰਤਾਂ ਨੇ ਥਾਵਾਂ ਮੱਲ਼ ਲਈਆਂ।

ਸਰ੍ਹੋਂ ਉੱਤੇ ਹੁਣ ਫੁੱਲ ਕਿਧਰੇ ਨਹੀਂ ਖਿਲਨੇ,
ਇੱਟਾਂ, ਵੱਟੇ, ਪੱਥਰਾਂ ਦੇ ਢੇਰ ਲੱਗੇ ਮਿਲਨੇ,
ਕਣਕਾਂ ਦੀ ਥਾਂ ਉੱਤੇ ਇੱਟਾਂ ਉੱਗ ਪਈਆਂ।
ਉਜਾੜ ਦਿੱਤੇ ਖੇਤ......

ਹਾਕਮ ਮਿਲ ਬਿਲਡਰਾਂ ਸੰਗ ਗੱਫੇ ਲਾਈ ਜਾ ਰਿਹੈ,
ਡੱਸ ਲੋਕ-ਸੱਧਰਾਂ ਮਿੱਟੀ ਰਲਾਈਂ ਜਾ ਰਿਹੈ,
ਲਹੂ ਸੁੱਚਾ ਬੰਦਿਆਂ ਦਾ ਜੋਕਾਂ ਚੂਸ ਰਹੀਆਂ।
ਉਜਾੜ ਦਿੱਤੇ ਖੇਤ......

ਵੇਚ ਵੱਟ ਖੇਤ ਜੱਟ ਹੋ ਗਏ ਬੇਕਾਰ ਨੇ,
ਜਵਾਨੀਆਂ ਨੂੰ ਮਿਲਦੇ ਨਾ ਕਿਤੋਂ ਰੋਜ਼ਗਾਰ ਨੇ,
ਨਸ਼ਿਆਂ ਦੀਆਂ ਚੋਬਰਾਂ ਨੂੰ ਮਾਰਾਂ ਵੱਗ ਗਈਆਂ।
ਉਜਾੜ ਦਿੱਤੇ ਖੇਤ......

ਸੱਥਾਂ ਉੱਤੇ ਬੈਠ ਕੇ ਨਹੀਂ ਹੋਣੀਆਂ ਗਲੋੜੀਆਂ,
ਠੱਗ ਲੀਤਾ ਹਾਸਿਆਂ ਨੂੰ ਗ਼ਮਾਂ ਦੀਆਂ ਗਮੋੜੀਆਂ,
ਚਿਹਰਿਆਂ ਤੋਂ ਰੌਣਕਾਂ ਨੇ ਉੱਡ ਪੁੱਡ ਗਈਆਂ।
ਉਜਾੜ ਦਿੱਤੇ ਖੇਤ......

ਪਿੰਡਾਂ ਵਾਲੇ ਪ੍ਰੀਤ ਤੇ ਪਿਆਰ ਨਹੀਂ ਲੱਭਣੇ,
ਸਾਥੀ ਕਿਤੇ ਰੌਣਕਾਂ ਦੇ ਯਾਰ ਨਹੀਂ ਲੱਭਣੇ,
ਬੋਹੜ ਦੀਆਂ ਛਾਵਾਂ ਰੁੱਸ ਸਾਡੇ ਤੋਂ ਨੇ ਗਈਆਂ।
ਉਜਾੜ ਦਿੱਤੇ ਖੇਤ......

ਚਿੜੀਆਂ ਦਾ ਚੰਬਾਂ ਹੁਣ ਖਿੜਨੋਂ ਵੀ ਰਹਿ ਗਿਆ,
ਸ਼ਹਿਰੀਕਰਨ ਸੱਭੇ ਹਾਸੇ ਖੇੜਿਆਂ ਨੂੰ ਲੈ ਗਿਆ,
ਤ੍ਰਿੰਞਣਾਂ ਦੇ ਗਿੱਧਿਆਂ ਨੂੰ ਤਰਸਣਾ ਹੈ ਸਈਆਂ।
ਉਜਾੜ ਦਿੱਤੇ ਖੇਤ......

ਪਾਣੀ ਦਾ ਵੀ ਤਲ ਹੁਣ ਹੇਠਾਂ ਤੁਰੀ ਜਾ ਰਿਹਾ,
ਆਉਣ ਵਾਲੇ ਸਮੇਂ ਤੇ ਸਵਾਲ ਚਿੰਨ੍ਹ ਲਾ ਰਿਹਾ,
ਉਪਾਅ ਜੇ ਨਾ ਕੀਤਾ ਨਸਲਾਂ ਪਾਣੀਉਂ ਵੀ ਗਈਆਂ।
ਉਜਾੜ ਦਿੱਤੇ ਖੇਤ......

* 902, ਸੈਕਟਰ 91, ਐਸ.ਏ.ਐਸ. ਨਗਰ (ਮੁਹਾਲੀ)
ਫੋਨ : 97799-42117

# ਅਜੋਕਾ ਬਜ਼ੁਰਗ

-ਬਲਬੀਰ ਸਿੰਘ*

ਬੱਚੇ ਉਸ ਦੀ ਰਹਿਮਤ ਹੈ ਪਰ ਬੁੱਢੇ ਹੋਣਾ ਲਾਹਨਤ ਹੈ
ਇਹ ਗੱਲ ਬਿਲਕੁਲ ਸੱਚ ਹੈ ਭਾਵੇਂ ਕੋਈ ਨਾ ਸਹਿਮਤ ਹੈ

ਜਦ ਤੱਕ ਬੁੱਢੇ ਚਲਦੇ ਫਿਰਦੇ ਅਤੇ ਕਮਾਈਆਂ ਕਰਦੇ
ਤਦ ਤਕ ਛੋਟੇ ਵੱਡੇ ਸਾਰੇ ਦੀਦ ਉਨ੍ਹਾਂ ਦੀ ਕਰਦੇ
ਖਾਣ ਪੀਣ ਨੂੰ ਰੋਟੀ ਪਾਣੀ ਠੀਕ ਸਮੇਂ 'ਤੇ ਮਿਲਦੈ
ਬੱਚਿਆ ਖੁਚਿਆ ਮਾਲ ਖੋਹਣ ਨੂੰ ਸਾਰੇ ਹੀਲੇ ਕਰਦੇ
ਬੁੱਢਿਆਂ ਕੋਲੋਂ ਜੋ ਵੀ ਮਿਲ ਜਾਏ ਉਹ ਤਾਂ ਸਮਝੋ ਨਿਆਮਤ ਹੈ।
ਬੱਚੇ ਉਸ ਦੀ ਰਹਿਮਤ ਹੈ.....

ਜਿਸ ਬੁੱਢੇ ਦੀ ਸਿਹਤ ਵੀ ਨਹੀਂ ਤੇ ਮਾਲ ਲੁਟਾ ਲਿਆ ਸਾਰਾ
ਉਸ ਨੂੰ ਝਿੜਕਾਂ ਗਾਲ੍ਹਾਂ ਖਾ ਕੇ ਕਰਨਾ ਪਊ ਗੁਜ਼ਾਰਾ
ਦਰਦ ਬੁਖਾਰ ਨਾਲ ਤੜਪੇ ਭਾਵੇਂ ਕਰ ਲਏ ਹਾਲ ਦੁਹਾਈ
ਪਰ ਘਰ ਵਿੱਚੋਂ ਕਿਸੇ ਤਰਸ ਕਰ ਦੇਣੀ ਨਹੀਂ ਦਵਾਈ
ਉਸ ਬੁਢੇ ਨਾਲ ਜੋ ਵੀ ਹੋਵੇ, ਉਹ ਤਾਂ ਬਸ ਹੈਵਾਨੀਅਤ ਹੈ
ਬੱਚੇ ਉਸ ਦੀ ਰਹਿਮਤ ਹੈ.....

ਫਿਕਰ ਨਹੀਂ ਉਸ ਬੁੱਢੇ ਤਾਈਂ ਮਾਲ ਹੈ ਜਿਸ ਕੋਲ ਭਾਰਾ
ਉਸ ਨੂੰ ਖੁਸ਼ੀਆਂ ਦੇਵਣ ਖਾਤਰ ਕਰਨਾ ਪਊ ਪਵਾੜਾ
ਸੇਵਾ ਵਿੱਚ ਕੋਈ ਕਸਰ ਨਾ ਰਹਿ ਜਾਏ ਹਰ ਕੋਈ ਇਹੀ ਚਾਹਵੇ
ਸੋਨੇ ਦੇ ਅੰਡੇ ਦੀ ਮੁਰਗੀ ਕਿਤੇ ਖਿਸਕ ਨਾ ਜਾਵੇ
ਸੇਵਾ ਏਦਾਂ ਈ ਹੁੰਦੀ ਰਹਿਣੀ ਜਦ ਤੱਕ ਸਹੀ ਸਲਾਮਤ ਹੈ
ਬੱਚੇ ਉਸ ਦੀ ਰਹਿਮਤ ਹੈ.....

ਜਿਸ ਬੁੱਢੇ ਕੋਲ ਮਾਲ ਨਹੀਂ ਹੈ ਉਸ ਦੀ ਕਿਸਮਤ ਖੋਟੀ
ਬਿਨਾਂ ਕਸ਼ਟ ਦੇ ਮਿਲਣੀ ਮੁਸ਼ਕਲ ਦੋ ਡੰਗਾਂ ਦੀ ਰੋਟੀ
ਜਿਨ੍ਹਾਂ ਬੱਚਿਆਂ ਨੂੰ ਪਾਲ ਪੋਸ ਕੇ ਰੋਟੀ ਯੋਗ ਬਣਾਇਆ
ਉਨ੍ਹਾਂ ਬੱਚਿਆਂ ਬੁੱਢੇ ਤਾਈਂ ਪਾਣੀ ਨੂੰ ਤਰਸਾਇਆ

ਕੰਮ ਕਰੋ ਤੇ ਰੋਟੀ ਖਾ ਲਵੋ ਨਹੀਂ ਤਾਂ ਸਮਝੋ ਸ਼ਾਮਤ ਹੈ
ਬੱਚੇ ਉਸ ਦੀ ਰਹਿਮਤ ਹੈ.....

ਤੜਕੇ ਉੱਠ ਕੇ ਡਿਊਟੀ ਲਗ ਗਈ ਸਬਜ਼ੀ ਮੰਡੀ ਜਾਓ
ਪੈਦਲ ਜਾਇਓ ਸੈਰ ਹੋ ਜਾਊ ਸਿਹਤ ਦਾ ਕਰੋ ਬਚਾਓ
ਆਲੂ ਗੋਭੀ ਪਿਆਜ ਟਮਾਟਰ ਧਨੀਆਂ ਨਾਲ ਲਿਆਓ
ਇਸ ਤੋਂ ਪਿੱਛੋਂ ਕੰਮ ਕੋਈ ਨਹੀਂ ਮੌਜਾਂ ਤੁਸੀਂ ਮਨਾਓ।
ਚਾਹ ਪਾਣੀ ਤੋਂ ਵਿਹਲੇ ਹੋ ਕੇ ਰਤਾ ਬਾਜ਼ਾਰ ਨੂੰ ਜਾਓ
ਚਾਵਲ ਚੀਨੀ ਤੇਲ ਸਰ੍ਹੋਂ ਦਾ ਗਰਮ ਮਸਾਲਾ ਲਿਆਓ
ਹਲਦੀ ਲੂਣ ਲਿਆ ਕੇ ਪਿੱਛੋਂ ਕੱਪੜੇ ਪ੍ਰੈੱਸ ਕਰਾਓ
ਇਸ ਤੋਂ ਪਿੱਛੋਂ ਕੰਮ ਕੋਈ ਨਹੀਂ ਮੌਜਾਂ ਤੁਸੀਂ ਮਨਾਓ
ਭੁੱਲ ਗਈ ਚੀਜ਼ ਜੇ ਵਿੱਚੋਂ ਤਾਂ ਇਹ ਖਤਰੇ ਦੀ ਅਲਾਮਤ ਹੈ
ਬੱਚੇ ਉਸ ਦੀ ਰਹਿਮਤ ਹੈ.....

ਬਾਅਦ ਦੁਪਹਿਰਾਂ ਚੱਕੀ ਉੱਤੋਂ ਆਟਾ ਚੁੱਕ ਲਿਆਓ
ਬਿਸਕੁਟ ਰੋਟੀ ਮੱਖਣ ਟਿੱਕੀ ਭੁਜੀਆ ਨਾਲ ਲਿਆਓ
ਵਿਹਲੇ ਹੋ ਕੇ ਸ਼ਾਮ ਲਈ ਫਿਰ ਸਬਜ਼ੀ ਦਾਲ ਬਣਾਓ
ਇਸ ਤੋਂ ਪਿੱਛੋਂ ਕੰਮ ਕੋਈ ਨਹੀਂ ਮੌਜਾਂ ਤੁਸੀਂ ਮਨਾਓ
ਸਬਜ਼ੀ ਦਾਲ ਸਵਾਦ ਨਹੀਂ ਤਾਂ ਸਮਝੋ ਕੋਈ ਕਿਆਮਤ ਹੈ
ਬੱਚੇ ਉਸ ਦੀ ਰਹਿਮਤ ਹੈ.....

ਐਸੇ ਬੁੱਢਿਆਂ ਤਾਈਂ ਜੇ ਕਰ ਕਸ਼ਟ ਕੋਈ ਆ ਜਾਵੇ
ਤਾਂ ਫਿਰ ਸਮਝੋ ਘਰ ਦੇ ਵਿੱਚ ਕੋਈ ਪਰਲੋ ਨਾਲ ਲਿਆਵੇ
ਸਾਰੇ ਆਖਣ ਬੁੱਢੇ ਤਾਈਂ ਝੂਠਾ ਮਕਰਾ ਪਾਜੀ
ਸਭ ਕੁਝ ਕਰਦਿਆਂ ਕਰਦਿਆਂ ਆਖਰ ਪੁੱਠੀ ਪੈਂਦੀ ਬਾਜ਼ੀ
ਇਹ ਸਭ ਜੇਕਰ ਝੱਲ ਨਾ ਹੋਵੇ ਤਾਂ ਬੁੱਢਾ ਦਿਨਾਂ ਦੀ ਅਮਾਨਤ ਹੈ
ਬੱਚੇ ਉਸ ਦੀ ਰਹਿਮਤ ਹੈ.....

ਤਾਂ ਫਿਰ ਬੁੱਢਿਓ ਚੰਗਾ ਇਹ ਹੈ ਗੰਢ ਸੰਭਾਲ ਕੇ ਰੱਖੋ
ਖਾਣ ਲਈ ਜੋ ਹੋਵੇ ਕਾਫੀ ਮਾਲ ਸੰਭਾਲ ਕੇ ਰੱਖੋ
ਜੋ ਬੱਚ ਸਕਦਾ ਹਿੰਮਤ ਕਰਕੇ ਵਾਧੂ ਮਾਲ ਬਚਾਓ
ਉਸ ਤੋਂ ਪਿੱਛੋਂ ਚਿੰਤਾ ਕੋਈ ਨਹੀਂ ਮੌਜਾਂ ਤੁਸੀਂ ਮਨਾਓ
ਸਮਝ ਜਾਓ ਤਾਂ ਪੱਲੇ ਬੰਨ੍ਹ ਲਵੋ ਇਸੇ ਵਿੱਚ ਸਿਆਣਪ ਹੈ
ਬੱਚੇ ਉਸ ਦੀ ਰਹਿਮਤ ਹੈ ਪਰ ਬੁੱਢੇ ਹੋਣਾ ਲਾਹਨਤ ਹੈ।
ਬੱਚੇ ਉਸ ਦੀ ਰਹਿਮਤ ਹੈ.....

* ਬਿਹਾਰੀਪੁਰ (ਕਪੂਰਥਲਾ)

# ਨਿੱਕੇ ਨਿੱਕੇ ਪਿੰਡ ਯਾਰੋ ਖਾ ਲਏ ਸ਼ਹਿਰਾਂ ਨੇ !

-ਬਲਦੇਵ ਸਿੰਘ ਸਠਿਆਲਾ*

ਬਹੁਤੇ ਛੋਟੇ ਪਿੰਡ ਚੰਡੀਗੜ੍ਹ ਖਾ ਗਿਆ।
ਸੈਕਟਰਾਂ ਰਾਹੀਂ ਦੁਨੀਆਂ 'ਤੇ ਛਾ ਗਿਆ।
ਸੀਵਰੇਜ ਨਕਸ਼ੇ ਬਣਾ ਲਏ ਸ਼ਹਿਰਾਂ ਨੇ,
ਨਿੱਕੇ ਨਿੱਕੇ ਪਿੰਡ ਯਾਰੋ ਖਾ ਲਏ ਸ਼ਹਿਰਾਂ ਨੇ!

ਜਲੰਧਰ ਦੇ ਲਾਗੇ ਮਕਸੂਦਾਂ ਵਸਦਾ।
ਹੌਲੀ ਹੌਲੀ ਨਾਗਰਾ ਵੀ ਗਿਆ ਚੱਬਦਾ।
ਬਿਧੀਪੁਰ ਫਾਟਕ ਬਣਾ ਲਏ ਸ਼ਹਿਰਾਂ ਨੇ,
ਨਿੱਕੇ ਨਿੱਕੇ ਪਿੰਡ ਯਾਰੋ ਖਾ ਲਏ ਸ਼ਹਿਰਾਂ ਨੇ!

ਕਪੂਰਥਲੇ ਦੇ ਲਾਗੇ ਵੱਸੇ ਪਿੰਡ ਕਾਂਜਲੀ।
ਭੱਠੇ ਪਿੰਡ ਦੀ ਵੀ ਸਾਰੀ ਜਗਾਹ ਮਾਂਜਲੀ।
ਚੂੜ੍ਹ ਚੱਕ ਨਾਮ ਹੀ ਮਿਟਾ ਲਏ ਸ਼ਹਿਰਾਂ ਨੇ,
ਨਿੱਕੇ ਨਿੱਕੇ ਪਿੰਡ ਯਾਰੋ ਖਾ ਲਏ ਸ਼ਹਿਰਾਂ ਨੇ!

ਅੰਮ੍ਰਿਤਸਰ ਸ਼ਹਿਰ ਹੱਦਾਂ ਬੰਨੇ ਟੱਪਿਆ।
ਕਿਤੇ ਰੱਖੀ ਲੱਤ ਕਿਤੇ ਗੋਡਾ ਰੱਖਿਆ।
ਬਾਹਰ ਚੁੰਗੀਕਰ ਦਫਤਰ ਬਣਾ ਲਏ ਸ਼ਹਿਰਾਂ ਨੇ,
ਨਿੱਕੇ ਨਿੱਕੇ ਪਿੰਡ ਯਾਰੋ ਖਾ ਲਏ ਸ਼ਹਿਰਾਂ ਨੇ!

'ਸਠਿਆਲੇ' ਵਾਲੇ ਸਠਿਆਲਾ ਤੇਰਾ ਰਹੂ ਵੱਸਦਾ।
ਨੇੜੇ-ਤੇੜੇ ਇਹਦੇ ਕੋਈ ਨਹੀਂ ਸ਼ਹਿਰ ਲੱਗਦਾ।
ਪਿੰਡ ਕੀ ਹਾਏ ਕਸਬੇ ਦਬਾ ਲਏ ਸ਼ਹਿਰਾਂ ਨੇ,
ਨਿੱਕੇ ਨਿੱਕੇ ਪਿੰਡ ਯਾਰੋ ਖਾ ਲਏ ਸ਼ਹਿਰਾਂ ਨੇ!

* ਪਿੰਡ ਤੇ ਡਾ. ਸਠਿਆਲਾ-ਅੰਮ੍ਰਿਤਸਰ।
ਫੋਨ : 97807-83237

# ਸ਼ੀਸ਼ੇ ਝਾੜੀ ਜਾਂਦੇ ਨੇ

**-ਬਾਬਾ ਨਜਮੀ***

ਸ਼ੀਸ਼ੇ ਉੱਤੇ ਧੂੜਾਂ ਜੰਮੀਆਂ, ਕੰਧਾਂ ਝਾੜੀ ਜਾਂਦੇ ਨੇ।
ਜਿਲਦਾਂ ਸਾਂਭ ਰਹੇ ਨੇ ਝੱਲੇ, ਵਰਕੇ ਪਾੜੀ ਜਾਂਦੇ ਨੇ।

ਉਹਨਾਂ ਦਾ ਵੀ ਤੂੰਈਓਂ ਰੱਬ ਏਂ, ਇਹਦਾ ਅੱਜ ਜਵਾਬ ਤਾਂ ਦੇ,
ਈਦਾਂ ਵਾਲੇ ਦਿਨ ਵੀ ਜਿਹੜੇ, ਕਰਨ ਦਿਹਾੜੀ ਜਾਂਦੇ ਨੇ।

ਜਿਹਨਾਂ ਦੇ ਗਲ ਲੀਰਾਂ ਪਈਆਂ, ਉਹਨਾਂ ਵੱਲੇ ਤੱਕਦੇ ਨਈਂ,
ਕਬਰਾਂ ਉੱਤੇ ਤਿੱਲੇ ਜੜੀਆਂ, ਚੱਦਰਾਂ ਚਾੜ੍ਹੀ ਜਾਂਦੇ ਨੇ।

ਰੱਸੀ ਕਿੱਥੋਂ ਤੀਕ ਕਰੇਂਗਾ ਢਿੱਲੀ ਉਹਨਾਂ ਲੋਕਾਂ ਦੀ,
ਜਿਹੜੇ ਇੱਕ ਹਵੇਲੀ ਬਦਲੇ, ਝੁੱਗੀਆਂ ਸਾੜੀ ਜਾਂਦੇ ਨੇ।

ਸ਼ੀਸ਼ੇ ਉੱਤੇ ਮਲੇ ਸਿਆਹੀਆਂ, ਹੱਕ ਏ ਮੇਰੇ ਦੁਸ਼ਮਣ ਦਾ,
ਸੱਜਣਾਂ ਨੂੰ ਕੀ ਬਣੀਆਂ, ਮੇਰੇ ਫੁੱਲ ਲਿਤਾੜੀ ਜਾਂਦੇ ਨੇ।

ਚੱਲ ਓਏ 'ਬਾਬਾ ਨਜਮੀਂ' ਆਪਣੇ ਪਿੰਡਾਂ ਨੂੰ ਮੂੰਹ ਕਰ ਲਈਏ,
ਸ਼ਹਿਰਾਂ ਦੇ ਵਸਨੀਕ ਤੇ ਆਪਣੇ ਸ਼ਹਿਰ ਉਜਾੜੀ ਜਾਂਦੇ ਨੇ।

# ਵੀਰੇ ਫਿਰਦੇ ਨੇ ਪਗੜੀ ਉਤਾਰੀ

*(ਸਿਰ ਦੇ ਤਾਜ ਦਾ ਭਾਰ ਮੰਨਣ ਵਾਲੇ)*

**- ਬਲਿਹਾਰ ਗੋਬਿੰਦਗੜ੍ਹੀਆ***

ਪੱਛਮੀ ਹਨੇਰੀ ਜਿਵੇਂ ਝੁੱਲਗੀ ਪੰਜਾਬ ਤੇ,
ਕੌੜੀ ਧੁਨ ਹਾਵੀ ਹੋਈ ਜਾਂਦੀ ਏ ਰਬਾਬ ਤੇ,
ਮਿੱਟੀ ਰੋਲਦੇ ਫਿਰਨ ਸਰਦਾਰੀ,
ਭੈਣਾਂ ਸਿਰ ਹੈ ਨੀ ਚੁੰਨੀਆਂ, ਵੀਰੇ ਫਿਰਦੇ ਨੇ ਪਗੜੀ ਉਤਾਰੀ।
ਕੇਸ, ਦਾੜ੍ਹੀ-ਮੁੱਛਾਂ, ਬਹੁਤੇ ਵੀਰਾਂ ਨੇ ਮੁਨਾਈਆਂ ਨੇ,
ਸੇਹਲੀਆਂ ਕਮਾਨ ਵਾਂਗੂੰ, ਭੈਣਾਂ ਨੇ ਕਰਾਈਆਂ ਨੇ,
ਕਿਹੀ ਚੱਲ ਪਈ ਇਹ, ਚੰਦਰੀ ਬਿਮਾਰੀ, ਭੈਣਾਂ ਸਿਰ ਹੈ ਨੀ....।
ਮੂੰਹ-ਸਿਰ ਕੀਤੇ ਸਰਦਾਰਾਂ ਸਫਾ-ਚੱਟ ਨੇ,
ਲੱਗਦਾ ਪਤਾ ਨਹੀਂ, ਕਿਹੜੇ ਭਈਏ ਕਿਹੜੇ ਜੱਟ ਨੇ,
ਕਿਵੇਂ ਜਾਣੀਏ ਪੰਜਾਬੀ ਜਾਂ ਬਿਹਾਰੀ, ਭੈਣਾਂ ਸਿਰ ਹੈ ਨੀ....।
ਤਿੰਨ ਚਾਰ ਥਾਂ ਤੋਂ ਭੈਣਾਂ, ਕੰਨ ਬੰਨ੍ਹਵਾਉਂਦੀਆਂ,
ਹੱਥਾਂ ਨੂੰ ਤਾਂ ਛੱਡੋ, ਪੈਰਾਂ ਵਿੱਚ ਸ਼ਾਪਾਂ ਪਾਉਂਦੀਆਂ,
ਸੰਗ-ਸ਼ਰਮ ਹੈ ਮਨ 'ਚੋਂ ਵਿਸਾਰੀ। ਭੈਣਾਂ ਸਿਰ ਹੈ ਨੀ....।
ਕੁੰਡਲੇ-ਮੁਛਾਇਰੇ ਸੋਹਣੇ, ਦਾੜ੍ਹੇ ਨਹੀਂ ਫੱਬਦੇ,
ਸ਼ੇਰਾਂ ਜਿਹੇ ਸਿੰਘ ਭਾਲੇ, ਬਹੁਤ ਘੱਟ ਲੱਭਦੇ,
ਜਿਨ੍ਹਾ ਚੜ੍ਹੀ ਰਹੇ ਨਾਮ ਦੀ ਖੁਮਾਰੀ। ਭੈਣਾਂ ਸਿਰ ਹੈ ਨੀ....।
ਭਗਤ-ਸਰਾਭੇ-ਊਧਮ ਨੂੰ ਨਹੀਓਂ ਜਾਣਦੇ,
ਫਿਲਮੀਂ ਸਿਤਾਰਿਆਂ ਨੂੰ ਝੱਟ ਨੇ ਪਛਾਣਦੇ,
ਨਵੇਂ ਚੈਨਲ ਚਲਾਉਣ ਵਾਰੋ-ਵਾਰੀ। ਭੈਣਾਂ ਸਿਰ ਹੈ ਨੀ....।
ਅਕਲਾਂ ਨੂੰ ਹੱਥ ਮਾਰੋ ਤੁਸੀਂ ਸਰਦਾਰੋ ਜੀ,
ਵਿਰਸਾ ਅਮੀਰ ਸਾਡਾ ਮਨੋ ਨਾ ਵਿਸਾਰੋ ਜੀ,
ਲਿਖਦਾ 'ਗੋਬਿੰਦਗੜ੍ਹੀਆ' ਲਿਖਾਰੀ,
ਭੈਣਾਂ ਸਿਰ ਹੈ ਨੀ ਚੁੰਨੀਆਂ, ਵੀਰੇ ਫਿਰਦੇ ਨੇ ਪਗੜੀ ਉਤਾਰੀ।

* ਪਿੰਡ ਗੋਬਿੰਦਗੜ੍ਹ, ਡਾ. ਦੱਧਾਹੂਰ,
ਜ਼ਿਲ੍ਹਾ ਲੁਧਿਆਣਾ।
ਫੋਨ : 98785-20903

# ਗੀਤ

-ਮਹਿੰਦਰ ਸਿੰਘ ਕੈਂਥ*

ਸ਼ਹਿਰ ਅਸਾਡੇ ਰੂਪ ਨਰਕ ਦਾ, ਪਿੰਡ ਹਨ ਰੱਬ ਦੀ ਦਾਤ,
ਸੋਨ-ਸੁਨਹਿਰੀ ਪਿੰਡ ਹੋਵਣ ਜਦ ਸੂਰਜ ਪਾਉਂਦਾ ਝਾਤ।

ਛੱਡ ਕੇ ਪਿੰਡ ਸਵਰਗਾਂ ਵਰਗੇ, ਵੱਸਣਾ ਸ਼ਹਿਰ ਕਦੇ ਨਾ,
ਆਪਣੇ ਤੇ ਬੱਚਿਆਂ ਦੇ ਉੱਤੇ ਢਾਹੁਣਾ ਕਹਿਰ ਕਦੇ ਨਾ,
ਪਿੰਡਾਂ ਵਰਗਾ ਆਥਣ ਵੇਲਾ, ਨਾ ਦਿਸਣੀ ਪਰਭਾਤ।
ਸੋਨ-ਸੁਨਹਿਰੀ ਪਿੰਡ ਹੋਵਣ....।
ਵਾਹੀਯੋਗ ਜ਼ਮੀਨ ਦੇ ਉੱਤੇ ਹੋਰ ਮਕਾਨ ਬਣਾਉ ਨਾ,
ਰਹਿਮ ਕਰੋ ਮਾਂ ਧਰਤੀ ਉੱਤੇ ਇਸ ਨੂੰ ਹੋਰ ਘਟਾਉ ਨਾ,
ਬਿਨ ਧਰਤੀ ਦੇ ਪੱਕਣਾ ਕਿੱਦਾਂ ਭਰ ਕੇ ਤਾਮ ਪਰਾਂਤ।
ਸੋਨ-ਸੁਨਹਿਰੀ ਪਿੰਡ ਹੋਵਣ....।
ਭੀੜ-ਭੜੱਕਾ ਅਤੇ ਗੰਦਗੀ ਸ਼ਹਿਰ ’ਚ ਮਿਲੂ ਬਥੇਰੀ,
ਅਣਕਿਆਸੀ ਆਬਾਦੀ ਵਿੱਚ ’ਵਾਜ ਨਾ ਸੁਣਨੀ ਤੇਰੀ,
ਸ਼ਹਿਰ ਵਸਣ ਦੀ ਹੋੜ ਨੇ ਕੀਤੀ ਵੱਸੋਂ ਦੀ ਬਹੁਤਾਤ।
ਸੋਨ-ਸੁਨਹਿਰੀ ਪਿੰਡ ਹੋਵਣ....।
ਸ਼ਹਿਰਾਂ ਦੇ ਵਿੱਚ ਸਭ ਸਹੂਲਤਾਂ ਸਾਨੂੰ ਮਿਲਦੀਆਂ ਭਾਵੇਂ,
ਪਰ ਨਾ ਮਿਲਦਾ, ਜੋ ਸੁੱਖ ਮਿਲਦਾ ਬਹਿ ਪਿੱਪਲ ਦੀ ਛਾਵੇਂ,
ਪਿੰਡ ਦੀ ਪਾਕ ਹਵਾ, ਕੂਲਰ ਦੀ ਹਵਾ ਨੂੰ ਪਾਉਂਦੀ ਮਾਤ।
ਸੋਨ-ਸੁਨਹਿਰੀ ਪਿੰਡ ਹੋਵਣ....।
ਪਿੰਡਾਂ ਦੇ ਵਿੱਚ ਪਿਆਰ-ਮੁਹੱਬਤ, ਸ਼ਹਿਰਾਂ ਵਿੱਚ ਖੁਦਗ਼ਰਜ਼ੀ,
ਪਿੰਡਾਂ ਵਿੱਚ ਅਪਣੱਤ ਹੈ ਪੂਰੀ, ਸ਼ਹਿਰ ’ਚ ਰਿਸ਼ਤੇ ਫਰਜ਼ੀ,
ਸੌ ਹੱਥ ਰੱਸਾ ਗੰਢ ਸਿਰੇ ’ਤੇ ਕਹੇ ਮਹਿੰਦਰ ਬਾਤ।
ਸ਼ਹਿਰ ਅਸਾਡੇ ਰੂਪ ਨਰਕ ਦਾ, ਪਿੰਡ ਹਨ ਰੱਬ ਦੀ ਦਾਤ,
ਸੋਨ-ਸੁਨਹਿਰੀ ਪਿੰਡ ਹੋਵਣ ਜਦ ਸੂਰਜ ਪਾਉਂਦਾ ਝਾਤ।

* ਮਕਾਨ ਨੰ. 17, ਗਲੀ ਨੰ. ਆਰ - 9,
ਗੁਰੂ ਤੇਗ਼ ਬਹਾਦਰ ਨਗਰ, ਚੰਡੀਗੜ੍ਹ ਰੋਡ,
ਲੁਧਿਆਣਾ।

# ਧੀ ਪਰਦੇਸਣ

-ਮੋਹਨ ਗਿੱਲ*

ਮਾਏ ਨੀ ਤੇਰੀ ਧੀ ਧਿਆਣੀ,
ਕਹਿੰਦੀ ਸੀ ਜੀਹਨੂੰ
ਕਰਮਾਂ ਵਾਲੀ, ਖਸਮਾਂ ਖਾਣੀ
ਪਾਰ ਸਮੁੰਦਰ ਦੇਸ਼ ਦੇ ਅੰਦਰ
ਧਰਤੀ ਦੇ ਪੀੜ੍ਹੇ ਤੇ ਬਹਿ ਕੇ
ਸਮੇਂ ਦੇ ਰੰਗਲੇ ਚਰਖੇ ਉੱਤੇ
ਯਾਦਾਂ ਦਾ ਤੰਦ ਪਾ ਰਹੀ ਹੈ।
ਕੁਝ ਖੁਸ਼ੀਆਂ ਤੇ ਕੁਝ ਗਮੀਆਂ ਦੇ
ਕੱਤ ਗਲੋਟੇ
ਛਿੱਕੂ ਭਰਦੀ ਜਾ ਰਹੀ ਹੈ।

ਸੁਣ ਨੀ ਮਾਏ
ਇਸ ਪਰਦੇਸਣ ਧੀ ਦੀ ਮਾਏ
ਜਿਸ ਦੇਸ਼ ਵਿੱਚ ਮੈਂ ਪਰਨਾਈ
ਰੁੱਖ ਉਸ ਦੇਸ਼ ਦੇ ਉੱਚੇ ਉੱਚੇ
ਅੰਦਰਾਂ ਦੇ ਵੱਲ ਝਾਕੀ ਜਾਵਣ
ਪਤਲੇ ਪਤਲੇ ਲੰਮ ਸਲੰਮੇ
ਕੱਦ ਉਨ੍ਹਾਂ ਦਾ ਦੱਸ ਕਿਸ ਕੰਮੇ
ਦੇਖਣ ਨੂੰ ਤਾਂ ਦਾਨੇ ਸਾਨੇ
ਰੂਹ ਨੂੰ ਟੁੰਬਣ ਮਨ ਨੂੰ ਠੱਗਣ
ਪਰ ਨਾਂ ਉੱਪਰ ਪੀਂਘ ਹੈ ਪੈਂਦੀ
ਨਾਂ ਹੀ ਹੇਠਾਂ ਤੀਆਂ ਲੱਗਣ।

ਸੁਣ ਮਾਏ ਇਸ ਦੇਸ਼ ਲੈਣ ਲਈ,
ਨਾਂ ਤੀਆਂ ਨੂੰ ਵੀਰ ਹੈ ਆਉਂਦਾ,
ਪੰਜ ਭਾਦੋਂ ਨੂੰ ਕੰਤ ਕਿਸੇ ਦਾ
ਨਾਂ ਹੀ ਲੈਣ ਦਰੌਜਾ ਆਉਂਦਾ
ਐਥੇ ਤਾਂ ਬੱਸ ਨਿੱਤ ਦਿਹਾੜੇ
ਆਪੇ ਹੀ ਸੂਰਜ ਉੱਗਣ ਤੇ

ਘਰ ਤੋਂ ਗੱਡੀ ਲੈ ਤੁਰ ਜਾਈਏ
ਆਪੇ ਹੀ ਫਿਰ ਆਥਣ ਉਗਣ
ਆਪਣੇ ਘਰ ਵਾਪਸ ਮੁੜ ਆਈਏ
ਮਾਏ ਨੀ ਹੁਣ ਇਸ ਦੇਸ਼ ਵਿੱਚ
ਟਿਕਟਾਂ ਉੱਤੇ ਤੀਆਂ ਲੱਗਣ
ਸਾਰੇ ਜਿਸ ਦੇ ਪੇਕੇ ਸਹੁਰੇ
ਇਕ ਥਾਂ ਇਕੱਠੇ ਹੋਵਣ
ਨੱਚ ਕੇ, ਟੱਪ ਕੇ ਬੋਲੀਆਂ ਪਾ ਕੇ
ਖੁਸ਼ੀਆਂ ਦੇ ਨਾਲ ਗਮ ਨੂੰ ਧੋਵਣ।

ਮਾਏ ਨੀ ਇਸ ਦੇਸ਼ ਦੇ ਬੱਚੇ
ਲੁਕਣ ਮੀਟੀ ਦਾਈਆਂ ਦੂਕੇ
ਗੁਲੀ ਡੰਡਾ ਕੁਝ ਨਾ ਖੇਡਣ
ਛੋਟੀ ਚਾਰ ਦੀਵਾਰੀ ਅੰਦਰ
(ਕੁੱਕੜਾਂ ਵਾਂਗੂੰ) ਤਾੜੇ ਰਹਿੰਦੇ
ਜਦ ਰੋਵਣ ਤਾਂ
ਮਾਂ ਜਾਂ ਬਾਪ ਸਟੋਰ ਲਿਜਾ ਕੇ
ਕੁਝ ਖਿਡੌਣੇ ਲੈ ਦਿੰਦੇ ਨੇ
ਜਦ ਉਸ ਖੇਡ ਤੋਂ
ਬੱਚੇ ਦਾ ਮਨ ਭਰ ਜਾਂਦਾ ਹੈ
ਨਵੇਂ ਖਿਡੌਣੇ ਲਿਆ ਦਿੰਦੇ ਨੇ
ਸ਼ਾਇਦ ਇਸੇ ਲਈ
ਛੋਟੀ ਉਮਰ ਖਿਡਾਉਣੇ ਬਦਲੇ
ਵੱਡੇ ਹੋ ਕੇ
ਨਿੱਤ ਨਵੇਂ ਉਹ ਸਾਥੀ ਬਦਲੇ

ਮਾਏ ਨੀ ਇਸ ਦੇਸ਼ 'ਚ ਲੋਕੀ
ਟਾਈਮ ਪੀਸ 'ਤੇ ਅਲਾਰਮ ਲਾ ਕੇ
ਨੀਂਦ ਦੀ ਗੋਲੀ ਖਾ ਕੇ ਸੌਂਦੇ
ਤਾਂ ਕਿ ਉਨ੍ਹਾਂ ਨੂੰ ਨੀਂਦ ਵੀ ਆਵੇ
ਲੋੜ ਸਮੇਂ ਸਿਰ ਜਾਗ ਵੀ ਆਵੇ
ਪਰ ਮਾਏ ਇਸ ਗੱਲ ਦੇ ਅੰਦਰ
ਇਸ ਦੇਸ਼ ਦਾ ਦੋਸ਼ ਨਾ ਕੋਈ
ਮਾਂ ਛੱਡਣ ਦਾ
ਦੇਸ਼ ਛੱਡਣ ਦਾ
ਦੋਸ਼ ਸਾਰਾ ਸਾਡੇ ਹੀ ਮੱਥੇ।

ਪਰ ਸੁਣ ਮੇਰੀ ਪਿਆਰੀਏ ਮਾਏ
ਇਸ ਦੇਸ਼ ਵਿੱਚ ਨੁਕਸ ਬੜੇ ਨੇ
ਗੁਣ ਇਸ ਦੇਸ਼ ਦੇ ਉਸ ਤੋਂ ਵੱਡੇ
ਇਸਦੇ ਰੁੱਖ ਜੋ ਛਾਂ ਨਾ ਦਿੰਦੇ
ਉਹ ਰੁਖ ਸਾਨੂੰ ਰੋਜ਼ੀ ਦਿੰਦੇ
ਉਸ ਰੁੱਖ ਨੂੰ ਰੂਹ ਸਾਡੀ ਮਾਏ
ਦਏ ਅਸੀਸਾਂ
ਹੁਣ ਨਾ ਨਿੰਦੇ
ਇਸ ਦੇਸ਼ ਵਿੱਚ
ਕੀਤੇ ਕੰਮ ਦਾ ਮੁੱਲ ਮਿਲਦਾ ਹੈ
ਨਿੱਤ ਹੀ ਮਾਏ
ਫੁੱਲਾਂ ਵਰਗ ਦਿਨ ਖਿਲਦਾ ਹੈ
ਇਹ ਦੇਸ਼ ਹੁਣ
ਆਪਣਿਆਂ ਵਾਂਗੂੰ,
ਨਿੱਤ ਮਿਲਦਾ ਹੈ
ਹੁਣ ਤਾਂ ਮਾਏ
ਇਸ ਦੀ ਬੁੱਕਲ 'ਚ
ਤੇਰੇ ਵਰਗਾ
ਨਿੱਘ ਮਿਲਦਾ ਹੈ।

*** ਕੈਨੇਡਾ,**
ਫੋਨ : 604-590-0914

# ਸ਼ਹਿਰ ਵਿੱਚ ਆਦਮੀ

-ਮੀਨਾਕਸ਼ੀ ਜਿਜੀਵਿਸ਼ਾ

ਵੱਡੇ ਸ਼ਹਿਰਾਂ ਵਿੱਚ ਨਹੀਂ ਤੱਕੀਦੇ,
ਰਿਸ਼ਤਿਆਂ ਦੇ ਹਰਿਆਲੇ ਖੇਤ,
ਇੱਥੇ ਹੁੰਦੇ ਨੇ, ਫਲੈਟਾਂ ਦੀ ਬਾਲਕੋਨੀ ਦੇ ਗਮਲੇ
ਵਿੱਚ ਰਿਸ਼ਤਿਆਂ ਦੇ 'ਕੱਲੇ – 'ਕੱਲੇ ਫੁੱਲ
ਵੱਡੇ ਸ਼ਹਿਰਾਂ ਵਿੱਚ ਹੋਲੀ, ਦੀਵਾਲੀ, ਬਸੰਤ
ਲੋਕਾਂ ਦੇ ਦਿਲਾਂ ਵਿੱਚ ਨਹੀਂ ਉਤਰਦੀ
ਵੱਡੇ ਸ਼ਹਿਰਾਂ ਵਿੱਚ ਆਉਂਦਾ ਹੈ ਤਿਉਹਾਰ
ਬੈਨਰ, ਅਖਬਾਰਾਂ ਵਿੱਚ ਤੇ ਮਸ਼ਹੂਰੀਆਂ 'ਤੇ
ਦੀਵਾਰਾਂ ਤੇ ਲੱਗੇ ਛੂਟ ਦੇ ਇਸ਼ਤਿਹਾਰਾਂ 'ਤੇ!
ਸ਼ਹਿਰ ਵਿੱਚ ਆਦਮੀ ਨਹੀਂ
ਜ਼ਰੂਰਤਾਂ ਮਿਲਾਂਦੀਆਂ ਨੇ ਹੱਥ
ਕੋਠੀਆਂ ਛੱਤਾਂ ਜੋੜਦੀਆਂ ਨੇ ਕੰਨ
ਖਿੜਕੀਆਂ ਇੱਕ ਦੂਜੇ ਨਾਲ ਕਰਦੀਆਂ ਗੱਲਾਂ
ਮਹਿਰਾਵਾਂ ਕਰਦੀਆਂ ਨੇ ਆਪਸ ਵਿੱਚ ਵਾਰਤਾਲਾਪ
ਆਦਮੀ ਦੀ ਹਸਤੀ ਇਕ ਦੂਜੇ ਨਾਲ ਮਿਲਾਂਦੀ ਹੈ ਹੱਥ।
ਮਹਾਨਗਰ ਵਿੱਚ ਮੀਂਹ ਹੁੰਦਾ ਹੈ
ਸਾਵਣ ਨਹੀਂ ਵਰਸਦਾ
ਨਹੀਂ ਗਾਉਂਦੀ ਕੋਇਲ ਹੁਣ ਰੁੱਖਾਂ 'ਤੇ
ਔਰਤਾਂ ਨਹੀਂ ਲਾਉਂਦੀਆਂ ਮਹਿੰਦੀ
ਨਹੀਂ ਗਾਉਂਦੀਆਂ ਮੰਗਲ ਗੀਤ
ਸ਼ਹਿਰਾਂ ਵਿੱਚ ਛੱਤਾਂ, ਦੀਵਾਰਾਂ, ਸੜਕਾਂ ਗਿੱਲੀਆਂ ਹਨ
ਰੇਡੀਓ, ਟੀ.ਵੀ. 'ਤੇ ਗਾਉਂਦੇ ਨੇ ਕਲਾਕਾਰ,
ਸਿਰਿਓਂ ਬੰਦ ਲੰਬੀਆਂ ਗਲੀਆਂ ਵਿੱਚ
ਭਰਦਾ ਹੈ ਸਵਾਰਥ ਦਾ ਚਿੱਕੜ
ਸ਼ਹਿਰ ਵਿੱਚ ਆਦਮੀ–ਆਦਮੀ ਨਹੀਂ
ਮਸ਼ੀਨ 'ਚ ਫਿੱਟ ਇਕ ਪੁਰਜਾ ਹੈ

ਇਸ ਨੂੰ ਖੁਦ ਨਹੀਂ ਪਤਾ
ਕਿ ਇਹ ਜਿੰਦਾ ਹੈ ਕਿ ਮੁਰਦਾ ਹੈ
ਮਨ ਦੀਆਂ ਇੱਛਾਵਾਂ ਦੀ ਕੈਦ ਵਿੱਚ
ਦੌੜਦਾ ਹੋਇਆ ਇਕ ਘੋੜਾ ਹੈ
ਦੰਗਾ, ਫਸਾਦ, ਖੂਨ, ਘੋਟਾਲਾ
ਜੋ ਕਰ ਲਵੇ ਉਹ ਥੋੜਾ ਹੈ
ਜ਼ਿੰਦਗੀ ਦੇ ਜਿਸਮ ’ਤੇ
ਮਵਾਦ ਨਾਲ ਭਰਿਆ ਹੋਇਆ ਇਕ ਫੋੜਾ ਹੈ।

*892/10 ਹਾਊਸਿੰਗ ਬੋਰਡ ਕਾਲੋਨੀ,
ਫਰੀਦਾਬਾਦ - 121006

# ਸ਼ਹਿਰੀਕਰਣ ਦੀ ਸਮੱਸਿਆ

-ਮਨਮੋਹਨ ਕੌਰ ਚੱਢਾ*

ਇਹ ਅਸੀਂ ਕਿਹੜੇ ਸ਼ਹਿਰ 'ਚ ਵਸਦੇ ਹਾਂ

ਜਿੱਥੇ ਚਿੜੀਆਂ ਦੀ ਚਹਿਕ ਨਹੀਂ,
ਜਿੱਥੇ ਫੁੱਲਾਂ ਦੀ ਮਹਿਕ ਨਹੀਂ,
ਜਿੱਥੇ ਜੁਗਨੂੰਆਂ ਦੀ ਟਿਮਟਿਮਾਹਟ ਨਹੀਂ,
ਜਿੱਥੇ ਡੱਡੂਆਂ ਦੀ ਟਰਟਰਾਹਟ ਨਹੀਂ,
ਜਿੱਥੇ ਪੰਛੀਆਂ ਦੀ ਫਰਫਰਾਹਟ ਨਹੀਂ,
ਜਿੱਥੇ ਜਾਨਵਰਾਂ ਦੀ ਸਰਸਰਾਹਟ ਨਹੀਂ।

ਜਿੱਥੇ ਇਨਸਾਨੀ ਜਜ਼ਬਾਤ ਦਿਲਾਂ 'ਚ ਘੁੱਟੇ ਨੇ,
ਤੇ ਨਫਰਤ, ਹਿਕਾਰਤ ਦੇ ਬੀਜ ਬਾਹਰ ਸੁੱਟੇ ਨੇ।

ਜਿੱਥੇ ਸ਼ਹਿਰ ਅੰਦਰ ਸ਼ਮਸ਼ਾਨ ਵਰਗੀ ਚੁੱਪੀ ਹੈ,
ਤੇ ਹਰ ਖੁਸ਼ੀ ਬੇਰੌਣਕ ਤੇ ਰੁੱਖੀ ਹੈ।

ਜਿੱਥੇ ਪਿਆਰ ਮੁਹੱਬਤ ਨੱਚਣ ਟੱਪਣ ਦੀ ਮਨਾਹੀ ਹੈ,
ਤੇ ਹੀਰ ਰਾਂਝੇ, ਸ਼ੀਰੀ ਫਰਿਹਾਦ ਵਰਗਿਆਂ ਦੀ ਰੁਸਵਾਈ ਹੈ।

ਕੀ ਖੱਟਿਆ ਹੈ ਅਸੀਂ ਪਿੰਡਾਂ ਤੋਂ ਸ਼ਹਿਰ ਆ ਕੇ?
ਆਪਣੀ ਸੂਰਤ, ਸੀਰਤ ਤੇ ਪਹਿਚਾਣ ਗਵਾ ਕੇ?

ਚਿੰਤਾ, ਫਿਕਰ, ਡਰ, ਨਾ ਉਮੀਦੀ, ਨਾਇਤਬਾਰੀ,
ਸਾਡੇ ਜੀਵਨ ਦਾ ਢੰਗ ਬਣ ਗਿਆ ਹੈ।
ਸਵਾਰਥ, ਨੰਗੇਜ਼, ਬੇਸ਼ਰਮੀ ਤੇ ਬਦਸਲੂਕੀ,
ਸਾਡਾ ਅਸਲੀ ਤੇ ਨਵਾਂ ਰੰਗ ਬਣ ਗਿਆ ਹੈ।

ਬੱਚੇ ਆਪਣਾ ਬਚਪਨ, ਮਾਸੂਮੀਅਤ ਗਵਾ ਬੈਠੇ ਨੇ,
ਬਾਹਰ ਖੇਡਣਾ ਭੁੱਲ ਕੇ ਘਰਾਂ ਅੰਦਰ ਬੰਦ ਬੈਠੇ ਨੇ।

ਟੀ.ਵੀ., ਇੰਟਰਨੈੱਟ ਉਹਨਾਂ ਨੂੰ ਉਮਰ ਤੋਂ ਪਹਿਲਾਂ ਸਿਖਾ ਰਹੇ ਨੇ
ਤੇ ਸਾਡੇ ਸਭਿਆਚਾਰ, ਸੰਸਕਾਰ ਦਾ ਮਜ਼ਾਕ ਉਡਾ ਰਹੇ ਨੇ।

ਜਵਾਨੀ ਬੜੀ ਹੀ ਤੇਜ਼ ਰਫ਼ਤਾਰ ਨਾਲ ਦੌੜ ਰਹੀ ਹੈ।
ਸਾਰੇ ਨਿਯਮਾਂ, ਕਦਰਾਂ ਕੀਮਤਾਂ ਨੂੰ ਪਿਛੇ ਛੱਡ ਰਹੀ ਹੈ।

ਬੁਢਾਪਾ ਉਦਾਸ ਹੈ, ਨਿਰਾਸ਼ ਹੋ ਕੇ ਦੇਖ ਰਿਹਾ ਹੈ।
"ਕੀ ਜ਼ਮਾਨਾ ਗਲਤ ਹੈ ਜਾਂ ਉਹ ਗਲਤ ਹੈ" ਸੋਚ ਰਿਹਾ ਹੈ।

*** ਐਮ-149, ਗੁਰੂ ਹਰਕ੍ਰਿਸ਼ਨ ਨਗਰ**
**ਨਵੀਂ ਦਿੱਲੀ-110087**
**ਮੋਬਾਇਲ : 9313667704**

# ਜੰਗਲ ਕੰਕਰੀਟ ਦੇ

-ਮੋਹਨ ਸਿੰਘ ਮਾਨ*

ਜੰਗਲ ਕੰਕਰੀਟ ਦੇ, ਮਨੁੱਖਤਾ ਨੂੰ ਖਾ ਰਹੇ
ਵੇਚ ਕੇ ਜ਼ਮੀਨਾਂ ਜੱਟ, ਕਿੱਧਰ ਨੂੰ ਜਾ ਰਹੇ
ਕਿੱਧਰ ਨੂੰ ਤੁਰ ਗਈਆਂ ਚਿੜੀਆਂ ਤੇ ਮੋਰ ਨੇ
ਘੋਨੇ ਮੋਨੇ ਲੱਗਦੇ ਇਹ ਜੱਟ ਨਹੀਂ ਕੋਈ ਹੋਰ ਨੇ
ਜੱਟ ਤਾਂ ਜ਼ਮੀਨ ਤਾਈਂ ਮਾਂ ਆਪਣੀ ਆਖਦੇ
ਵੇਚਤੀ ਜ਼ਮੀਨ ਇਹਨਾਂ ਮਰਦਿਆਂ ਹੀ ਬਾਪ ਦੇ
ਕਿਰਤੀ ਨਾ ਹਾਲੀ, ਪਾਲੀ ਨਾ ਮਜ਼ਦੂਰ ਇਹ ਜਾਪਦੇ
ਮੈਨੂੰ ਤਾਂ ਲੱਗਦੇ ਇਹ ਦੁਸ਼ਮਣ ਆਪਣੇ ਆਪ ਦੇ

ਨਾ ਕੋਈ ਮੰਜ਼ਿਲ ਨਾ ਨਿਸ਼ਾਨਾ ਨਾ ਤੀਰ ਐ
ਰਿਸ਼ਤਿਆਂ ਦੀ ਡੋਰ ਟੁੱਟੀ ਮਰ ਗਈ ਜ਼ਮੀਰ ਐ
ਕਿਸਮਤਾਂ ਨੂੰ ਕੋਸਦੇ ਜੋ ਕਿਸਮਤਾਂ ਸੀ ਬੀਜਦੇ
ਮੱਕੀਆਂ, ਜਵਾਰਾਂ, ਛੋਲੇ, ਕਾਲ ਤਰਤੀਬ ਦੇ
ਜ਼ਰਖੇਜ ਮਿੱਟੀ ਪੰਜਾਬ ਦੀ ਨੂੰ ਪੱਟਤਾ ਉਦਯੋਗਾਂ ਨੇ
ਨੀਲੇ ਚਿੱਟੇ ਲੀਡਰਾਂ ਤੇ ਤੁਰ ਗਿਆਂ ਦੇ ਸੋਗਾਂ ਨੇ
ਤੁਰ ਗਿਆ ਇੱਕ ਹੋਰ ਅੱਜ ਦੱਸਿਆ ਅਖਬਾਰ ਨੇ
ਮੱਦਦ ਦਾ ਐਲਾਨ ਵੀ ਕਰ ਦਿੱਤਾ ਸਰਕਾਰ ਨੇ

ਨੀਤੀਆਂ ਬਣਾਉਣ ਵਾਲਿਆਂ ਦੇ ਕੋਲ ਅੱਜ ਵਿਹਲ ਨਹੀਂ
ਗੈਰ ਜ਼ਿੰਮੇਵਾਰਾਂ ਨੂੰ ਡੱਕਣ ਵਾਲੀ ਜੇਲ੍ਹ ਨਹੀਂ
ਸਰਦਲਾਂ ਤੇ ਚੋਣ ਲਈ ਖੁਸ਼ੀਆਂ ਦਾ ਤੇਲ ਨਹੀਂ
ਖੁਸ਼ੀ ਤੇ ਵਿਕਾਸ ਦਾ ਲੱਗਦੈ ਕੋਈ ਮੇਲ ਨਹੀਂ
ਕਿਰਸਾਣ ਦੀਆਂ ਜ਼ਮੀਨਾਂ ਰਜਵਾੜਿਆਂ ਨੇ ਮੱਲੀਆਂ
ਜੱਟਾਂ ਦੀਆਂ ਡਾਰਾਂ ਯੂ.ਪੀ. ਸੀ, ਪੀ. ਤੁਰ ਚੱਲੀਆਂ

ਪੰਜ ਦਰਿਆਵਾਂ ਨੂੰ ਤਾਂ ਗੁਰਬਤਾਂ ਨੇ ਘੇਰਿਆ
ਵੰਡੀਆਂ ਦੀ ਲੀਕ ਨੇ ਫਸਾਦ ਧਰਮੀ ਛੇੜਿਆਂ
ਰਹਿੰਦੇ ਤਿੰਨ ਫੈਕਟਰੀਆਂ ਬਣਾ ਦਿੱਤੇ ਜ਼ਹਿਰੀ ਨੇ

ਹੋ ਰਿਹੈ ਵਿਕਾਸ ਸਾਡਾ ਰਚ ਰਚ ਮਰੀਏ
ਸੂਰਮੇਂ ਪੰਜਾਬੀ ਅਸੀਂ ਕੈਸਰਾਂ ਤੋਂ ਕਿਉਂ ਡਰੀਏ

ਵੇਚ ਕੇ ਜ਼ਮੀਨਾਂ ਵਿਹਲੇ ਹੋ ਗਏ ਕੀ ਕਰੀਏ
ਵਿਕਾਸ ਨਹੀਂ ਵਿਨਾਸ਼ ਹੈ ਇਹ, ਮੁਸੀਬਤਾਂ ਦਾ ਢੇਰ ਹੈ
ਬਚਾ ਲਵੋ ਪੰਜਾਬ ਤਾਂਈ ਹੋ ਗਈ ਬਹੁਤ ਦੇਰ ਹੈ
ਇਮਾਰਤਾਂ 'ਚ ਰਹਿਣ ਵਾਲੇ ਬੰਦੇ ਕੀ ਖਾਣਗੇ?
'ਮਾਨਾਂ' ਖੇਤ ਸਾਰੇ ਹੀ ਪੱਥਰ ਹੋ ਜਾਣਗੇ

*** ਸਲੌਦੀ**
**ਵਿਸ਼ੇਸ਼ ਪ੍ਰਤੀਨਿਧ ਪੰਜਾਬ ਅਤੇ ਟਾਈਮ ਟੀ.ਵੀ.**

# ਸ਼ਹਿਰ ਅਸਾਡੇ ਰੂਪ ਨਰਕ ਦਾ (ਗੀਤ)

- ਮਹਿੰਦਰ ਸਿੰਘ ਕੈਂਥ ਸਲਾਣਵੀ*

ਸ਼ਹਿਰ ਅਸਾਡੇ ਰੂਪ ਨਰਕ ਦਾ ਪਿੰਡ ਹਨ ਰੱਬੀ ਦਾਤ,
ਸੋਨ-ਸੁਨਹਿਰੀ ਪਿੰਡ ਹੋਵਣ ਜਦ ਸੂਰਜ ਪਾਉਂਦਾ ਝਾਤ।

ਸਵਰਗਾਂ ਵਰਗੇ ਪਿੰਡ ਛੱਡ ਕੇ ਵੱਸਣਾ ਸ਼ਹਿਰ ਕਦੇ ਨਾ,
ਆਪਣੇ ਤੇ ਬੱਚਿਆਂ ਦੇ ਉੱਤੇ ਢਾਹੁਣਾ ਕਹਿਰ ਕਦੇ ਨਾ,
ਪਿੰਡਾਂ ਵਰਗਾ ਆਥਣ ਵੇਲ਼ਾ ਨਾ ਦਿਸਣੀ ਪਰਭਾਤ। ਸੋਨ-ਸੁਨਹਿਰੀ ਪਿੰਡ....

ਵਾਹੀਯੋਗ ਜ਼ਮੀਨ ਦੇ ਉੱਤੇ ਹੋਰ ਮਕਾਨ ਬਣਾਉ ਨਾ,
ਰਹਿਮ ਕਰੋ ਤੁਸੀਂ ਮਾਂ-ਧਰਤੀ 'ਤੇ ਇਸ ਨੂੰ ਹੋਰ ਘਟਾਉ ਨਾ,
ਧਰਤੀ ਬਾਝੋਂ ਪੱਕਣਾ ਕਿੱਦਾਂ ਭਰ ਕੇ ਤਾਮ ਪਰਾਂਤ। ਸੋਨ-ਸੁਨਹਿਰੀ ਪਿੰਡ....

ਸ਼ਹਿਰਾਂ ਵਿੱਚ ਹਰ ਇੱਕ ਸਹੂਲਤ ਮਿਲ ਜਾਂਦੀ ਹੈ ਭਾਵੇਂ,
ਪਰ ਨਾ ਮਿਲਦਾ, ਜੋ ਸੁੱਖ ਮਿਲਦਾ ਬਹਿ ਪਿੱਪਲਾਂ ਦੀ ਛਾਵੇਂ,
ਪਿੰਡ ਦੀ ਪਾਕ ਹਵਾ ਕੂਲਰ ਦੀ ਹਵਾ ਨੂੰ ਪਾਉਂਦੀ ਮਾਤ। ਸੋਨ-ਸੁਨਹਿਰੀ ਪਿੰਡ....

ਸ਼ਹਿਰਾਂ ਦੇ ਵਿੱਚ ਗੰਦ ਬਥੇਰਾ, ਸ਼ੋਰ ਤੇ ਭੀੜ-ਭੜੱਕਾ,
ਪਿੰਡਾਂ ਦੇ ਵਿੱਚ ਸੁੱਖ-ਸ਼ਾਂਤੀ, ਰੋਗ ਨਾ ਕਰਦੇ ਧੱਕਾ,
ਅਣਕਿਆਸੀ ਹੋ ਰਹੀ ਸ਼ਹਿਰੀ ਵੱਸੋਂ ਵਿੱਚ ਬਹੁਤਾਤ। ਸੋਨ-ਸੁਨਹਿਰੀ ਪਿੰਡ....

ਪਿੰਡਾਂ ਦੇ ਵਿੱਚ ਪਿਆਰ-ਮੁਹੱਬਤ, ਸ਼ਹਿਰਾਂ ਵਿੱਚ ਖ਼ੁਦਗਰਜ਼ੀ,
ਪਿੰਡਾਂ ਦੇ ਵਿੱਚ ਸੱਚੇ ਹਾਸੇ, ਸ਼ਹਿਰਾਂ ਦੇ ਵਿੱਚ ਫ਼ਰਜ਼ੀ,
ਸੌ ਹੱਥ ਰੱਸਾ ਗੰਢ ਸਿਰੇ 'ਤੇ ਕਹੇ 'ਮਹਿੰਦਰ' ਬਾਤ। ਸੋਨ-ਸੁਨਹਿਰੀ ਪਿੰਡ....

ਸ਼ਹਿਰ ਅਸਾਡੇ ਰੂਪ ਨਰਕ ਦਾ, ਪਿੰਡ ਹਨ ਰੱਬੀ ਦਾਤ,
ਸੋਨ-ਸੁਨਹਿਰੀ ਪਿੰਡ ਹੋਵਣ ਜਦ ਸੂਰਜ ਪਾਉਂਦਾ ਝਾਤ।

* ਮਕਾਨ ਨੰ. 217, ਗਲੀ ਨੰ. ਆਰ-9,
ਗੁਰੂ ਤੇਗ ਬਹਾਦਰ ਨਗਰ, ਚੰਡੀਗੜ੍ਹ ਰੋਡ, ਖੰਨਾ-141401

# ਇਹ ਚਿੜੀਆਂ

-ਮਨਜੀਤ ਪੱਟੀ*

ਕਿਤੇ ਹੋਰ ਜਾਣਗੀਆਂ
ਇਹ ਚਿੜੀਆਂ।
ਆਪੇ ਮੁੱਕ ਜਾਣਗੀਆਂ
ਇਹ ਚਿੜੀਆਂ।

ਰੁੱਖ ਦੀ ਟਹਿਣੀ
ਰਹੀ ਉਡੀਕ।
ਸ਼ਾਇਦ ਮੁੜ ਆਣਗੀਆਂ
ਇਹ ਚਿੜੀਆਂ।

ਪੱਥਰਾਂ ਦਾ ਜੰਗਲ
ਹੈ ਸ਼ਹਿਰ ਮੇਰਾ।
ਆਲ੍ਹਣਾ ਕਿੱਥੇ ਪਾਣਗੀਆਂ।
ਇਹ ਚਿੜੀਆਂ।

ਰੁੱਖ ਬਣ ਗਏ
ਮੇਜ਼ ਕੁਰਸੀਆਂ।
ਗੀਤ ਕਿਵੇਂ ਗਾਣਗੀਆਂ
ਇਹ ਚਿੜੀਆਂ।

ਸਵੇਰ ਦੀ ਆਮਦ
ਵਿਦਾਈ ਸਾਂਝ ਦੀ।
ਹੁਣ ਰੌਲਾ ਨਹੀਂ ਪਾਣਗੀਆਂ
ਇਹ ਚਿੜੀਆਂ।

ਹੋਣੀ ਹੈ ਕਿੰਨੀ
ਮਾੜੀ ਸ਼ਹਿਰ ਦੀ।
ਹੁਣ ਨਹੀਂ ਆਣਗੀਆਂ
ਇਹ ਚਿੜੀਆਂ।

ਮੜ੍ਹੀਂ ਮਸਾਣੀਂ ਵੀ
ਘਰ ਬਣ ਗਏ।
ਭਲਾ ਕਿੱਥੇ ਆਣਗੀਆਂ
ਇਹ ਚਿੜੀਆਂ।

ਭਰੇ ਦਰਬਾਰ ਵਿੱਚ
ਅੱਜ ਹੋਈ ਚਰਚਾ।
ਸੁਪਨਾ ਬਣ ਜਾਣਗੀਆਂ
ਇਹ ਚਿੜੀਆਂ।

ਲੋਕੋ ਹੁਣ ਤਾਂ ਕਰੋ
ਕੋਈ ਉਪਰਾਲਾ।
ਨਹੀਂ ਤਾਂ ਮਰ ਜਾਣਗੀਆਂ
ਇਹ ਚਿੜੀਆਂ।

ਮੇਰੇ ਸਿਰ ਤੇ
ਬੋਝ ਬਹੁਤ ਹੈ।
ਕਿਕਲੀ ਕਿੱਥੇ ਪਾਣਗੀਆਂ
ਕੁੜੀਆਂ ਚਿੜੀਆਂ।

ਕਿਤੇ ਹੋਰ ਜਾਣਗੀਆਂ
ਇਹ ਚਿੜੀਆਂ।
ਆਪੇ ਮੁੱਕ ਜਾਣਗੀਆਂ
ਇਹ ਚਿੜੀਆਂ।

# ਪੁਰਖਿਆਂ ਬ.ਗੈਰ

-ਮਲਵਿੰਦਰ*

ਬਨੇਰਿਉਂ ਸੱਖਣੇ
ਕੋਠੇ ਤੋਂ ਡਿੱਗ ਪਿਆ ਦਾਦਾ
ਦਹਿਲ ਗਿਆ ਮੈਂ
ਸਥਿਰ ਰਹੀ ਮਾਂ
ਅੰਤਮ ਸਮੇਂ ਸਾਂਭਿਆ ਦਾਦੇ ਨੂੰ
ਢਾਬ ਦੀ ਗਵਾਹੀ ਪਈ
ਪਿੰਡ ਦੀ ਅਸੀਸ ਲਈ

ਮਹਾਂ ਨਗਰ 'ਚ
ਹਾਦਸੇ ਦਾ ਸ਼ਿਕਾਰ ਹੋ ਗਿਆ ਬਾਪ
ਮਾਂ ਡੋਲ ਗਈ
ਸਥਿਰ ਰਿਹਾ ਮੈਂ
ਮਹਾਂ ਨਗਰ 'ਚੋਂ
ਬਾਪੂ ਦੇ 'ਫੁੱਲ' ਲੈ ਪਰਤਿਆ
ਨਿਭਾਈਆਂ ਅੰਤਮ ਰਸਮਾਂ
ਰਚੇ ਅਧੂਰੇ ਰਹਿ ਗਏ ਕਾਰਜ
ਬਾਪੂ ਦੇ
ਜਿੰਨੇ ਕੁ ਹੋ ਸਕੇ
ਕੀਤੇ ਸੁਪਨੇ ਸਾਕਾਰ

ਤੁਰ ਗਈ ਮਾਂ
ਸ਼ੁਕਰ ਕੀਤਾ ਮੈਂ
ਛੁੱਟ ਗਈ ਸਰੀਰਕ ਕਸ਼ਟਾਂ ਤੋਂ
ਸ਼ਾਂਤ ਹੋ ਗਿਆ ਮਾਂ ਦਾ
ਤਣਾਅ ਗ੍ਰਸਤ ਚਿਹਰਾ
ਸਾਂਭਿਆ ਮਾਂ ਨੂੰ ਕਵਿਤਾਵਾਂ 'ਚ

ਅਮਰ ਕਰ ਦਿੱਤਾ
ਅਖ਼ਬਾਰ 'ਚ ਨਿੱਤ ਪੜ੍ਹਦਾ
ਖ਼ਬਰ ਹਾਦਸੇ ਦੀ
ਮਰ ਗਏ ਪੂਰੇ ਪਰਿਵਾਰ ਦੀ
ਸਹਿਮ ਜਾਂਦਾ ਹਾਂ ਮੈਂ
ਨਵੀਂ ਬਣੀ ਕੋਠੀ ਦੇ
ਵਿਹੜੇ 'ਚ ਖੜੀ ਕਾਰ ਵੇਖ ਕੇ
ਸੜਕ 'ਤੇ ਸਰਪਟ ਦੌੜਾਂਦੇ
ਬੇਟੇ ਦੀ ਨੁਹਾਰ ਵੇਖ ਕੇ

ਵਕਤ ਦੀ ਗਤੀ ਮੂਹਰੇ
ਕਿੰਨਾ ਕੁੱਝ ਤਿਲਕ ਗਿਆ ਹੈ
ਸਾਡੇ ਹੱਥੋਂ
ਕਿੰਨੇ ਕਾਇਰ ਹੋ ਗਏ ਹਾਂ
ਸਹਿਜ ਵਿਚਰਦੇ ਪੁਰਖਿਆਂ ਬਗ਼ੈਰ।

* ਫੋਨ : 98720-42344

# ਪਿੰਡ ਦੀ ਯਾਦ

-ਰਣਜੀਤ ਸਿੰਘ ਸੰਧੂ*

ਬਚਪਨ ਦਾ ਹਰ ਸਾਥੀ, ਚੇਤੇ ਆਉਂਦਾ ਪਿੰਡ ਦਾ ਜੀ।
ਰਲ ਮਿਲ ਕੇ ਸਭ ਲਾਉਂਦੇ, ਸ਼ਾਮੀ ਮੈਚ ਫਿੰਡ ਦਾ ਜੀ।
ਕੰਮ ਮੁਕਾ ਕੇ ਸਭ ਆ ਜਾਂਦੇ, ਸ਼ਾਮਾਂ ਢਲੀਆਂ ਨੂੰ।
ਕਿਵੇਂ ਭੁਲਾਵਾਂ ਭੁੱਲ ਨਾ ਹੋਵੇ, ਪਿੰਡ ਦੀਆਂ ਗਲੀਆਂ ਨੂੰ।
ਪਰਬਤ ਵਰਗੇ ਉੱਚੇ ਟਿੱਬੇ, ਠੰਢਾ ਰੇਤਾ ਜੀ।
ਅਜੇ ਤੱਕ ਹੈ ਮੈਨੂੰ ਹਰ ਇੱਕ ਗੱਲ ਦਾ ਚੇਤਾ ਜੀ।
ਬਾਬੇ ਕੋਲੇ ਬਹਿ ਕੇ ਸੁਣਨਾ, ਉਸਦੀਆਂ ਕਲੀਆਂ ਨੂੰ।
ਕਿਵੇਂ ਭੁਲਾਵਾਂ ਭੁੱਲ ਨਾ ਹੋਵੇ, ਪਿੰਡ ਦੀਆਂ ਗਲੀਆਂ ਨੂੰ।
ਸਾਥੀ ਇਕੱਠੇ ਹੋ ਕੇ ਖੇਡਦੇ ਚੋਰ ਸਿਪਾਹੀ ਸੀ।
ਔਖੀ ਹੁੰਦੀ ਇੱਕ ਦੂਜੇ ਦੀ ਲੈਣੀ ਡਾਹੀ ਸੀ।
ਧੂਣੀ ਬਾਲ ਕੇ ਖੂਹ ਤੇ ਖਾਣਾ ਭੁੰਨੀਆਂ ਛੱਲੀਆਂ ਨੂੰ।
ਕਿਵੇਂ ਭੁਲਾਵਾਂ ਭੁੱਲ ਨਾ ਹੋਵੇ ਪਿੰਡ ਦੀਆਂ ਗਲੀਆਂ ਨੂੰ।
ਆਪਣੇ ਪਿੰਡ ਦੀ ਮਿੱਟੀ ਦਾ ਡਾਢਾ ਮੋਹ ਆਉਂਦਾ ਏ।
ਤਾਂਹੀਓਂ 'ਸੰਧੂ' ਹਰ ਦਮ ਉਸਦੇ ਸੋਹਲੇ ਗਾਉਂਦਾ ਏ।
ਜੀਅ ਕਰਦਾ ਹੈ ਚੁੰਮੀ ਜਾਵਾਂ ਇਸਦੀਆਂ ਡਲੀਆਂ ਨੂੰ।
ਕਿਵੇਂ ਭੁਲਾਵਾਂ ਭੁੱਲ ਨਾ ਹੋਵੇ ਪਿੰਡ ਦੀਆਂ ਗਲੀਆਂ ਨੂੰ।
ਰੱਬ ਅੱਗੇ ਮੇਰੀ ਤਾਂ ਬੱਸ ਇੱਕੋ ਅਰਜੋਈ ਜੀ।
'ਬੰਬਾਂ' ਪਿੰਡ ਨੂੰ ਤੱਤੀ 'ਵਾ ਨਾ ਲੱਗੇ ਕੋਈ ਜੀ।
ਰੱਬ ਸਦਾ ਹੀ ਰੱਖੇ ਉਸ ਤੇ ਨਜ਼ਰਾਂ ਭਲੀਆਂ ਨੂੰ।
ਕਿਵੇਂ ਭੁਲਾਵਾਂ ਭੁੱਲ ਨਾ ਹੋਵੇ, ਪਿੰਡ ਦੀਆਂ ਗਲੀਆਂ ਨੂੰ।

* ਵਾਰਡ ਨੰ.-23
ਸਾਹਮਣੇ ਖਾਲਸਾ ਸਕੂਲ,
ਖੰਨਾ - 141401
ਜ਼ਿਲ੍ਹਾ ਲੁਧਿਆਣਾ।

# ਨਾਸ ਮਾਰ ਕੇ ਰੱਖਤਾ ਸੱਭਿਆਚਾਰ ਦਾ

-ਰਣਜੀਤ ਸਿੰਘ ਸੰਧੂ*

ਚੁੱਪ ਕਰ ਕੇ ਮੰਨ ਬੈਠੇ ਹਾਂ, ਭਾਣਾ ਕਰਤਾਰ ਦਾ।
ਨਾਸ ਮਾਰ ਕੇ ਰੱਖਤਾ ਲੋਕਾਂ ਸੱਭਿਆਚਾਰ ਦਾ।

ਵਿੱਚ ਤਰਿੰਜਣਾਂ ਕੱਤਣਾ ਗੱਲਾਂ ਹੋਈਆਂ ਦੂਰ ਦੀਆਂ।
ਕੋਈ ਨਾ ਕਰਦਾ ਬਾਤਾਂ, ਹੁਣ ਬੇੜੀ ਦੇ ਪੂਰ ਦੀਆਂ।

ਜੀਨਾਂ ਨੇ ਥਾਂ ਮੱਲਿਆ, ਘੱਗਰੇ ਤੇ ਸਲਵਾਰ ਦਾ।
ਨਾਸ ਮਾਰ ਕੇ ਰੱਖਤਾ, ਲੋਕਾਂ ਸੱਭਿਆਚਾਰ ਦਾ।

ਸੂਰਮਿਆਂ ਦੀਆਂ ਵਾਰਾਂ ਨੂੰ, ਨੇ ਲੋਕੀ ਭੁੱਲ ਗਏ।
ਟੀ.ਵੀ. ਦੇ ਅਸ਼ਲੀਲ ਗਾਣਿਆਂ, ਉੱਤੇ ਡੁੱਲ੍ਹ ਗਏ।

ਅੱਧਕਜਿਆ ਜਿਹਾ ਜਿਸਮ ਦੇਖ ਕੇ, ਖੁਸ਼ ਮੁਟਿਆਰ ਦਾ।
ਨਾਸ ਮਾਰ ਕੇ ਰੱਖਤਾ ਲੋਕਾਂ ਸੱਭਿਆਚਾਰ ਦਾ।

ਮਾਮਾ, ਮਾਸੜ ਫੁੱਫੜ ਦਾ, ਨਾ ਪਤਾ ਫਰਿਸ਼ਤਿਆਂ ਨੂੰ।
ਆਂਟੀ ਅੰਕਲ ਖਾ ਗਏ, ਸਭੇ ਪਵਿੱਤਰ ਰਿਸ਼ਤਿਆਂ ਨੂੰ।

ਫਰਕ ਦਿਸੇ ਨਾ ਕੋਈ, ਮੋਨੇ ਤੇ ਸਰਦਾਰ ਦਾ।
ਨਾਸ ਮਾਰ ਕੇ ਰੱਖਤਾ, ਲੋਕਾਂ ਸੱਭਿਆਚਾਰ ਦਾ।

ਦੁੱਧ ਦਹੀਂ ਲੱਸੀ ਤੇ ਮੱਖਣ, ਹਜਮ ਨਾ ਆਉਂਦੇ ਨੇ।
ਨੂਡਲ, ਬਰਗਰ ਤੇ ਪੀਜ਼ਾ, ਸਭ ਸਿਹਤ ਬਣਾਉਂਦੇ ਨੇ।

ਰਸਤਾ ਭੁੱਲੇ ਸਾਦੇ ਜੀਵਨ ਉੱਚ ਵਿਚਾਰ ਦਾ।
ਨਾਸ ਮਾਰ ਕੇ ਰੱਖਤਾ ਲੋਕਾਂ ਸੱਭਿਆਚਾਰ ਦਾ।

ਗਾਉਣ ਵਾਲਾ ਇੱਕ ਹੁੰਦਾ, ਪੰਦਰਾਂ ਸਾਜ ਵਜਾਉਂਦੇ ਨੇ।
ਓਹੀਓ ਨੇ ਦੋ ਚਾਰ ਗੀਤ, ਜੋ ਹਰ ਥਾਂ ਗਾਉਂਦੇ ਨੇ।

ਟਾਵਾਂ ਟਾਵਾਂ ਸ਼ੌਂਕੀ ਤੂੰਬੀ ਅਤੇ ਸਿਤਾਰ ਦਾ।
ਨਾਸ ਮਾਰ ਕੇ ਰੱਖਤਾ ਲੋਕਾਂ ਸੱਭਿਆਚਾਰ ਦਾ।

ਕਾਲਜ ਦੇ ਵਿੱਚ ਜਾ ਕੇ ਬੱਚੇ ਥੋੜੇ ਪੜ੍ਹਦੇ ਨੇ।
ਬੜੇ ਘਰਾਂ ਦੇ ਕਾਕੇ, ਕੁੜੀਆਂ ਪਿੱਛੇ ਲੜਦੇ ਨੇ।

ਪਤਾ ਨਹੀਂ ਕੀ ਦਰਜਾ, ਟੀਚਰ ਦੇ ਸਤਿਕਾਰ ਦਾ।
ਨਾਸ ਮਾਰ ਕੇ ਰੱਖਤਾ ਲੋਕਾਂ ਸੱਭਿਆਚਾਰ ਦਾ।

ਪੱਛਮ ਦੇ ਸਭ ਔਗੁਣ, ਲੋਕਾਂ ਨੇ ਅਪਣਾਏ ਨੇ।
ਆਪਣੇ ਜਿਹੜੇ ਚੰਗੇ ਉਹ ਸਭ ਖੂੰਜੇ ਲਾਏ ਨੇ।

'ਸੰਧੂ' ਖੰਨੇ ਵਾਲਾ ਸੱਚੀ ਗੱਲ ਉਚਾਰਦਾ।
ਨਾਸ ਮਾਰ ਕੇ ਰੱਖਤਾ ਲੋਕਾਂ ਸੱਭਿਆਚਾਰ ਦਾ।

* ਵਾਰਡ ਨੰ. - 23
ਨੇੜੇ ਖਾਲਸਾ ਸਕੂਲ,
ਖੰਨਾ - 141401
ਲੁਧਿਆਣਾ।
ਫੋਨ : 98145-28023

# ਬੈਠਣਾ ਸਿੱਖ ਰਿਹਾ ਪਿੰਡ

-ਰਾਮ ਸਿੰਘ ਚਾਹਲ*

ਪਿੰਡੋਂ
ਸ਼ਹਿਰ ਆ ਗਿਆ ਹਾਂ
ਸ਼ਾਨਦਾਰ ਕੋਠੀਆਂ
ਕੋਠੀ-ਦਰ-ਕੋਠੀ
ਸੋਹਣੇ ਸੋਹਣੇ ਘਰ
ਹਰ ਕੋਠੀ 'ਚ ਹਰ ਬੰਦਾ
ਵੱਡਾ ਲੱਗਦਾ ਹੈ
ਵੱਡਾ ਸਮਝਦਾ ਹੈ
ਘੰਟੀ ਵੱਜਦੀ ਹੈ
ਕੌਣ ਹੈ? ਦਾ ਸ਼ੋਰ ਹੋਣ ਲੱਗਦਾ ਹੈ
ਹਰ ਕੋਈ ਬੇਗ਼ਾਨਾ ਲੱਗਦਾ ਹੈ
ਦੇਖ ਕੇ ਬੈਠਦਾ ਹੈ
ਤੋਲ ਕੇ ਬੋਲਦਾ ਹੈ
ਬੋਚ ਬੋਚ ਪੱਬ ਧਰਦਾ ਹੈ
ਛੇਤੀ ਛੇਤੀ ਵਿਦਾ ਹੁੰਦਾ ਹੈ
ਸੋਚਣ ਲੱਗਦਾ ਹਾਂ-
ਕੋਈ ਇਉਂ ਕਿਉਂ ਨਹੀਂ ਬੈਠਦਾ
ਜਿਉਂ ਪਿੰਡ-ਧੂਈਂ ਦੁਆਲੇ ਬਹਿੰਦਾ ਹੈ
ਜਿਉਂ ਘਰ-ਚੁੱਲ੍ਹੇ ਦੁਆਲੇ ਬਹਿੰਦਾ ਹੈ
ਜਿਉਂ ਗੁਆਂਢੀ - ਖੇਤ ਦੀ ਵੱਟ ਤੇ ਬਹਿੰਦਾ ਹੈ
ਘੰਟੀ ਫਿਰ ਵੱਜਦੀ ਹੈ
ਮੇਰਾ ਸੁਪਨਾ ਟੁੱਟਦਾ ਹੈ

* ਦਸ਼ਮੇਸ਼ ਨਗਰ ਮਾਨਸਾ
151505

# ਐ ਪੰਜਾਬ

-ਰਣਜੀਤ ਸਿੰਘ ਰਾਣਾ*

"ਕਿੱਥੇ ਕੱਟੇਗਾਂ ਰਾਤ,
ਵੇ ਟੁੱਟਿਆ ਤਾਰਿਆ"
ਵਰਗੇ ਬੋਲਾਂ ਦਾ ਸਾਕਾਰ ਰੂਪ ਬਣੀਆਂ,
ਦਿਨ-ਦਿਹਾੜੇ ਚਿੱਟੇ ਚਾਨਣੇ,
ਬੇਘਰ, ਬੇਦਰ, ਬੇਪਰ, ਬੇਧਰ,
ਤੇ ਬੇਪੱਤ ਹੋਈਆਂ,
ਮੀਰਪੁਰ ਦੇ ਮਾਰੂ ਵਿਚ,
ਸੜਦੀਆਂ ਸੁੱਕਦੀਆਂ ਜਾ ਰਹੀਆਂ ਜੀ।
ਐ ਪੰਜਾਬ! ਤੇਰੇ ਗੱਭਰੂ ਪੁੱਤਰ,
ਪੌਂਡਾਂ ਅਤੇ ਡਾਲਰਾਂ ਦੀ ਖਿੱਚ ਨਾਲ ਖਿੱਚੀਂਦੇ,
ਇੱਕ ਨੂੰ ਅਨੇਕਾਂ ਨਾਲ ਜ਼ਰਬਾਂ ਕਈ ਦਿੰਦੇ,
ਵਲੈਤਾਂ ਦੇ ਪੱਕੇ ਹੀ ਬਣ ਗਏ ਬਸ਼ਿੰਦੇ,
ਵਰ੍ਹਿਆਂ ਦੇ ਕਈ ਕਈ ਦਹਾਕੇ ਨੇ ਬੀਤੇ,
ਇਹਨਾਂ ਨੇ ਰੱਜ ਤੇਰੇ ਦਰਸ਼ਨ ਨਹੀਂ ਕੀਤੇ,
ਜਦ ਕਦੇ ਤੇਰੇ ਦੀਦ ਨੂੰ ਇਹ ਤਰਸਣ,
ਝਿਮ ਝਿਮ ਇਹਨਾਂ ਦੀਆਂ ਅੱਖਾਂ ਫਿਰ ਵਰਸਣ,
ਇਹਨਾਂ ਦੇ ਅੱਗੋਂ ਪੁੱਤਰ ਤੇ ਪੋਤੇ,
ਬਲੈਕਪੂਲ ਜਾ ਕੇ ਹਿੱਕਦੇ ਨੇ ਖੋਤੇ,
ਬਣਗੇ ਨੇ ਆਲਰਾਈਟ ਜਾਂ ਫਿਰ ਓ.ਕੇ.,
ਕੋਕੋ ਦੇ ਕਾਕਿਆਂ ਦੇ ਕੰਨਾਂ ਵਿੱਚ ਕੋਕੇ,
ਪੰਜਾਬ ਨਹੀਂ ਆਂਦੇ ਇਹ ਮੱਛਰਾਂ ਤੋਂ ਡਰਦੇ,
ਸ਼ੇਰਾਂ ਦੇ ਪੁੱਤਰ ਨੇ ਗੱਲਾਂ ਕੀ ਕਰਦੇ,
ਪਿੰਡਾਂ ਦੇ ਪਿੰਡ ਤੇਰੇ ਮਾਲਾ ਮਾਲ ਹੋ ਗਏ,
ਸ਼ਹਿਰ ਵੀ ਅੰਤਾਂ ਦੇ ਖੁਸ਼ਹਾਲ ਹੋ ਗਏ,
ਢਾਰੇ ਢਹਿ ਕੇ ਬੰਗਲੇ-ਕੋਠੀਆਂ ਬਣ ਗਈਆਂ,
ਵਿਹੜਿਆਂ ਵਿੱਚ ਐਪਰ ਰੌਣਕਾਂ ਨਾ ਰਹੀਆਂ,

ਢੱਗਿਆਂ ਦੀ ਥਾਂ 'ਤੇ ਆ ਗਏ ਟਰੈਕਟਰ,
ਪਰ ਭਈਏ ਈ ਬਣ ਗਏ ਉਹਨਾਂ ਦੇ ਮਾਸਟਰ,
ਖੇਤਾਂ ਵਿਚ ਖਣਕਦੇ ਬਿਹਾਰੀ ਲੋਕ-ਗੀਤ ਹੁਣ,
ਗਲੀਆਂ ਵਿਚ ਗੂੰਜਦਾ ਹਿੰਦੀ ਦਾ ਸੰਗੀਤ ਹੁਣ,
ਢੋਲੇ ਟੱਪੇ ਮਾਹੀਏ ਸਭ ਬੀਤੇ ਦੀ ਹੀ ਗੱਲ ਹੈ,
ਭੰਗੜੇ ਦੀ ਥਾਂ ਲਈ ਹੁਣ ਡਿਸਕੋ ਨੇ ਮੱਲ ਹੈ।
ਖੇਤਾਂ ਤੋਂ ਲੈ ਕੇ ਕਾਰਖਾਨੇ ਦੀ ਮਜ਼ਦੂਰੀ ਤੱਕ,
ਹੋਟਲਾਂ ਤੇ ਮੋਟਲਾਂ ਦੀ ਹਰ ਜੀ-ਹਜ਼ੂਰੀ ਤੱਕ,
ਭਈਏ ਬਿਨਾਂ ਹੁੰਦਾ ਕੋਈ ਮਸਲਾ ਨਾ ਹੱਲ ਹੈ,
ਜਵਾਨ-ਜਹਾਨ ਦਿੱਤਾ ਜਰਮਨ ਨੂੰ ਘੱਲ ਹੈ,
ਪੰਜਾਬੀ ਤਾਂ ਅਮੀਰ ਪਰ ਪੰਜਾਬ ਹੁਣ ਕੰਗਾਲ ਹੈ,
ਬਿਗਾਨਿਆਂ ਦੇ ਹੱਥਾਂ ਵਿੱਚ ਉਹਦਾ ਵਾਲ ਵਾਲ ਹੈ,
ਬਿਹਾਰ ਅਤੇ ਵਲੈਤ ਦੇ ਦੋ ਪੁੜਾਂ ਵਿਚ ਪਿਸ ਰਿਹਾ,
ਮੈਨੂੰ ਮੇਰਾ ਸਹਿਕਦਾ ਪੰਜਾਬ ਹੁਣ ਦਿਸ ਰਿਹਾ,
ਫਿਰ ਵੀ ਮੈਂ ਅਡੋਲ, ਮੇਰੇ ਸਬਰ ਦੀ ਨਾ ਹੱਦ ਹੈ,
ਮੈਂ ਹਾਂ ਮਾਲਾਮਾਲ, ਮੇਰੇ ਕੋਲ ਧਨ ਹੱਦੋਂ ਵੱਧ ਹੈ,
ਪੈਸੇ ਨਾਲ ਹੁਣ ਅਸਾਂ ਖਰੀਦਣਾ ਪੰਜਾਬ ਹੈ!
(ਪਰ) ਪੰਜਾਬੀ ਦੀ ਖਰੀਦ ਕੇ ਨਾ ਪੜ੍ਹਨੀ ਕਿਤਾਬ ਹੈ!!

***129 ਸੋਹੋ ਰੋਡ, ਹੈਂਡਜ਼ਬਰਗ, ਬਰਮਿੰਘਮ**
**B21 9ST U.K.**
**0121-5543995**

# ਵਿਸ਼ਵੀਕਰਨ ਦਾ ਭੂਤ

-ਸ਼ਿਵਨਾਥ*

ਫਿਰ ਗਿਆ ਏ ਸੁਰਖ਼
ਵਾਯੂ-ਮੰਡਲਾਂ ਉੱਤੇ ਹਨ੍ਹੇਰਾ!
ਕਿਸ ਤਰ੍ਹਾਂ ਭਾਏਗਾ,
ਅੱਖਾਂ ਵਾਲਿਆਂ ਨੂੰ ਇਹ ਸਵੇਰਾ?
        ਕਿਸ ਤਰ੍ਹਾਂ ਚਹਿਣਗੇ ਪੰਛੀ,
        ਵੇਖ ਕੇ ਐਸੀ ਬਹਾਰ?
        ਪੇੜ-ਪੌਦੇ ਧੌਣਾਂ ਸੁੱਟੀ ਜਾਪਦੇ ਨੇ
        ਤੜਕਸਾਰ!
ਨਾ ਕਿਸੇ ਮਾਲੀ 'ਚ ਦਮ ਹੈ,
ਨਾ ਕਿਤੋਂ ਛਿੜਿਆ ਏ ਰਾਗ!
ਬੁਝ ਰਹੇ ਨੇ ਹਰ ਕਿਸੇ ਦੀ
ਆਤਮਾ ਵਿੱਚੋਂ ਚਿਰਾਗ!
        ਲੈ ਲਿਆ ਹੈ ਨ੍ਹੇਰ ਨੇ
        ਬੁੱਕਲ 'ਚ ਸਾਡਾ ਆਸਮਾਨ!
        ਕਿਸ ਤਰ੍ਹਾਂ ਦਾ ਪਿੰਡ,
        ਬਣ ਚੱਲਿਆ ਏ ਇਹ ਸਾਰਾ ਜਹਾਨ!
ਮਰ ਰਹੀਆਂ ਨੇ ਹਰ ਕਿਸੇ ਦੇ
ਅੰਦਰੋਂ ਰੰਗੀਨੀਆਂ!
ਆ ਗਈਆਂ ਨੇ ਆਖਰੀ,
ਸਾਹਾਂ ਤੇ, ਨੁਕਤਾਚੀਨੀਆਂ!
        ਕੌਣ ਆਖੇ ਰਾਜਿਆਂ ਨੂੰ,
        ਇਹ ਨਹੀਂ ਚੰਗਾ ਵਿਹਾਰ!
        ਉੱਡ ਗਿਆ ਲੱਗਦਾ ਹੈ,
        ਧਰਤੀ-ਪੁੱਤਰਾਂ ਵਿੱਚੋਂ ਪਿਆਰ!
ਦੌੜਿਆ ਜਾਂਦਾ ਹੈ ਪੱਛਮ ਨੂੰ,
ਅਸਾਡਾ ਨੌਜਵਾਨ!
ਰਹਿ ਗਿਐ ਪਿੱਛੇ ਕਿਤੇ,
ਉਹਦੇ ਲਈ, ਹਿੰਦੋਸਤਾਨ!

* ਫੇਜ਼-10, ਮੋਹਾਲੀ-160062

# ਮੇਰਾ ਪਿੰਡ

**-ਸ਼ੀਂਹਮਾਰ ਬਲਜਿੰਦਰ ***

ਪਿੰਡ ਮੇਰੇ ਨੂੰ ਸ਼ਹਿਰ ਖਾ ਗਿਆ,
ਮਾਰਿਆ ਨਹੀਂ ਡਕਾਰ।
ਖੇਤਾਂ ਦੇ ਵਿੱਚ ਉੱਗੀਆਂ ਕੋਠੀਆਂ,
ਨਹੀਂ ਸਰ੍ਹੋਆਂ, ਕਣਕਾਂ ਦੀ ਬਹਾਰ।
ਬੇਰੀਆਂ ਕਿੱਕਰਾਂ ਅਲੋਪ ਹੋ ਗਈਆਂ,
ਨਾਂ ਦਿਸੇ ਚਿੜੀਆਂ ਦੀ ਡਾਰ।
ਟੀ.ਵੀ. ਡੀ.ਜੇ. ਖੌਰੂ ਪਾਵਣ,
ਰੁੱਸੇ ਸੁਹਾਗ, ਘੋੜੀਆਂ ਤੇ ਤਿਉਹਾਰ।
ਚਾਚੇ, ਚਾਚੀਆਂ ਗਾਇਬ ਹੋ ਗਏ,
ਅੰਟੀ ਅੰਕਲ ਦਾ ਬਾਜ਼ਾਰ।
ਮਾਂ ਦੀ ਲੋਰੀ ਜ਼ਹਿਰੀ ਹੋਈ,
ਚੜ੍ਹਿਆ ਕੰਪਿਊਟਰ ਦਾ ਬੁਖਾਰ।
ਬੋਦੇ ਗਜਨੀ ਕੱਟ ਬਣਾ ਲਏ,
ਵਿਰਲੀ ਰਹਿ ਗਈ ਏ ਦਸਤਾਰ।
ਕੁੜੀਆਂ ਚਿੜੀਆਂ ਜੀਨਾ ਪਾਵਣ,
ਰੁਲ ਗਈ ਏ ਸਲਵਾਰ।
ਹੀਰਾਂ ਗੁਆਚੀਆਂ ਰਾਂਝੇ ਵਿੱਸਰੇ,
ਬੂਆਏ ਫ੍ਰੈਂਡਾਂ ਦੀ ਲੱਗੀ ਕਤਾਰ।
ਇਸ਼ਕ ਝਨ੍ਹਾਂ ਦਾ ਕੋਈ ਨਾ ਤਾਰੂ,
ਪਲੀਤ ਹੋਇਆ 'ਅੱਜ ਦਾ ਪਿਆਰ'।
ਮੱਖਣ, ਦੁੱਧ ਦੁਰਲੱਭ ਹੋ ਗਏ,
ਨਸ਼ਿਆਂ ਦੀ ਭਰਮਾਰ।
ਬੁੱਢੇ ਮਾਪੇ ਅੰਦਰੀਂ ਡੱਕੇ,
ਕਿਸ ਲੁੱਟਿਆ ਹੈ ਸਤਿਕਾਰ?

**ਇਹ ਹੈ ਮੇਰੇ ਪਿੰਡ ਦਾ ਹਾਲ।**
**ਅਸੀਂ ਹਾਲੋਂ ਹੋਏ ਬੇਹਾਲ।**

*** ਹੁਸੈਨਪੁਰ, ਲਾਂਬੜਾ - ਜਲੰਧਰ। ਫੋਨ : 98766-83717**

# ਸ਼ਹਿਰਾਂ ਨਾਲੋਂ ਪਿੰਡ ਚੰਗੇ ਨੇ

ਸ਼ਹਿਰ ਤੇਰੇ ਵਿੱਚ ਸੱਜਣਾ ਕੈਸੀ ਵੱਗ ਗਈ ਹਵਾ ਖਰਾਬ।
ਬੀਤੇ ਗੌਰਵ ਬੌਣੇ ਸਮਝੇ ਅੱਜ ਦੀ ਤਬ੍ਹਾ ਖਰਾਬ।

ਘਰ ਵਿੱਚ ਸਾਰੇ ਇਕ ਦੂਜੇ ਨੂੰ ਘੂਰੀਆਂ ਲੈ ਲੈ ਪੈਣ,
ਖੌਰੇ ਐਸੀ ਕਿਹੜੀ ਲੰਘ ਕੇ ਆਏ ਜਗ੍ਹਾ ਖਰਾਬ।

ਕੁੜੀਆਂ-ਮੁੰਡੇ, ਮੁੰਡੇ-ਕੁੜੀਆਂ, ਬਣ ਬਣ ਘਰ ਤੋਂ ਜਾਣ,
ਉਲਟੇ ਫੈਸ਼ਨ ਦੀ ਇਹ ਕੇਹੀ ਫੈਲੀ ਵਬਾ ਖਰਾਬ।

ਤਰਕ ਦਲੀਲੋਂ ਸੱਖਣਾ ਹੋਇਆ ਸਿਆਸਤ ਦਾ ਕਾਨੂੰਨ,
ਭਾਸ਼ਣ ਹੁੰਦੇ ਜੀਕਣ ਵੱਜਦਾ ਹੋਵੇ ਤਵਾ ਖਰਾਬ।

ਸੁਲ੍ਹਾ ਸਫਾਈਆਂ ਰਾਜ਼ੀ-ਨਾਮੇ ਮਾੜੇ ਤੇ ਨਾ ਰਹਿਣ,
ਕਪਟੀ ਸਾਜ਼ਿਸ਼ਕਾਰ ਦੀ ਐਪਰ ਹੁੰਦੀ ਸੁਲ੍ਹਾ ਖਰਾਬ।

ਕਿਹੜੀ ਆਸ ਉਹਨਾਂ ਤੋਂ ਜਿਹੜੇ ਲਾਰਿਆਂ ਤੇ ਨੱਚ ਪੈਣ,
ਵਿਆਕੁਲ ਹੋਵਣ ਜਦ ਵੀ ਸੁਣਿਆ ਮੌਸਮ ਜ਼ਰਾ ਖਰਾਬ।

ਬੇ-ਇਤਫਾਕੀ ਕਰਕੇ ਵਿਗੜਿਆ ਕੌਮੀ ਘਰ ਦਾ ਰੂਪ,
ਬੁਰਜ, ਦੀਵਾਰਾਂ, ਥੰਮਲੇ ਟੇਢੇ, ਇੱਕ ਇੱਕ ਰਦਾ ਖਰਾਬ।